11-SEP-PAGE-1.qxd front add.qxd 9/10/2023 8:33 PM Page 1

ਸੋਮਵਾਰ, 11 ਸਤੰਬਰ, 2023
26 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 101

ਨਵਾਂ ਜ਼ਮਾਨਾ

DAILY NAWAN ZAMANA • MONDAY, 11 SEPTEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

nawan zamana TV



11-SEP-PAGE-10.qxd 9/10/2023 8:26 PM Page 1

ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਵੱਲੋਂ ਭਲਕੇ ਵਿਧਾਇਕਾਂ ਦੇ ਘਰ ਘੇਰਨ ਦਾ ਐਲਾਨ

ਮਾਨਸਾ (ਆਤਮਾ ਸਿੰਘ ਪਮਾਰ)-ਪਿਛਲੇ 55 ਦਿਨ ਤੋਂ ਪੂਰਨ ਨਸ਼ਾ-ਬੰਦੀ ਤੇ ਪਰਮਿੰਦਰ ਸਿੰਘ ਝੋਟੇ ਦੀ ਬਿਨਾਂ ਸ਼ਰਤ ਰਿਹਾਈ ਨੂੰ ਲੈ ਕੇ ਪੱਕਾ ਮੋਰਚਾ ਗੱਡੀ ਬੈਠੀ ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਨੇ ਪੁਲਸ ਪ੍ਰਸ਼ਾਸਨ ਦੀ ਟਾਮ ਮਟੋਲ ਵਾਲੀ ਨੀਤੀ ਦਾ ਗੰਭੀਰ ਨੋਟਿਸ ਲੈਂਦਿਆਂ ਐਲਾਣ ਕੀਤਾ ਹੈ ਜੇਕਰ ਸੋਮਵਾਰ ਨੂੰ ਸਾਰੀਆਂ ਕਾਨੂੰਨੀ ਅੜਚਨਾ ਦੂਰ ਨਾ ਕੀਤੀਆਂ ਗਈਆਂ ਤਾਂ ਉਹ ਮੰਗਲਵਾਰ ਤੋਂ ਜ਼ਿਲ੍ਹੇ ਦੇ ਸਾਰੇ ਵਿਧਾਇਕਾਂ ਦੇ ਘਰ ਘੇਰਨਗੇ। ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ ਹੰਗਾਮੀ ਮੀਟਿੰਗ ਦੌਰਾਨ ਐਕਸ਼ਨ ਕਮੇਟੀ ਦੇ ਕਨਵੀਨਰ ਰਾਜਵਿੰਦਰ ਸਿੰਘ ਰਾਣਾ ਨੇ ਐਲਾਨ ਕੀਤਾ ਕਿ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਪਰਮਿੰਦਰ ਸਿੰਘ ਝੋਟਾ ਦੀ ਰਿਹਾਈ ਵਿੱਚ ਜਾਣਬੁੱਝ ਕੇ ਦੇਰੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਬਿਆਨ ਮੈਜਿਸਟ੍ਰੇਟ ਦੀ ਮੌਜੂਦਗੀ 'ਚ ਦਰਜ ਕੀਤੇ ਜਾ ਸਕਦੇ ਹਨ ਉਨ੍ਹਾਂ ਬਿਆਨਾਂ ਦੀ ਕਾਨੂੰਨੀ ਪ੍ਰਕਿਰਿਆ ਨੂੰ ਉਲਝਣਾ ਵਿੱਚ ਪਾ ਕੇ ਲਮਕਾਇਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇੱਕ ਪਾਸੇ ਮੁੱਖ ਮੰਤਰੀ ਪੰਜਾਬ ਦੇ ਓ ਐੱਸ ਡੀ ਮਨਜੀਤ ਸਿੰਘ ਸਿੱਧੂ, ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਵਿਧਾਇਕ ਬੁੱਧ ਰਾਮ ਤੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਐਕਸ਼ਨ ਕਮੇਟੀ ਨਾਲ ਵਿਸ਼ੇਸ਼ ਮੀਟਿੰਗ ਕਰਕੇ ਐਲਾਨ ਕਰਦੇ ਹਨ ਕਿ ਜਲਦੀ ਹੀ ਪਰਮਿੰਦਰ ਸਿੰਘ ਦੀ ਰਿਹਾਈ 'ਚ ਆਏ ਸਾਰੇ ਕਾਨੂੰਨੀ ਅੜਿੱਕੇ ਦੂਰ ਕਰਕੇ ਰਿਹਾਈ ਕੀਤੀ ਜਾਵੇਗੀ ਤੇ ਦੂਸਰੇ ਪਾਸੇ ਪੁਲਸ ਪ੍ਰਸ਼ਾਸਨ ਕਦੇ ਸਥਾਨਕ ਧਰਨਿਆਂ ਅਤੇ ਕਦੇ ਜੱਜਾਂ ਦੀ ਛੁੱਟੀ ਦੀ ਗੱਲ ਆਖ ਕੇ ਰਾਜ ਕਰਦੀ ਪਾਰਟੀ ਦੇ ਹੁਕਮਾਂ ਨੂੰ ਦਰ ਕਿਨਾਰ ਕਰ ਰਿਹਾ ਹੈ। ਐਕਸ਼ਨ ਕਮੇਟੀ ਦੇ ਕਨਵੀਨਰ ਰਾਜਵਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਅੱਜ ਜਦੋਂ ਅਸੀਂ ਫੋਨ 'ਤੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਵੀ ਪੁਲਸ ਪ੍ਰਸ਼ਾਸਨ ਦੀ ਸੁਸਤੀ 'ਤੇ ਤਿੱਖਾ ਪ੍ਰਤੀਕ੍ਰਮ ਦਿੰਦਿਆਂ ਕਿਹਾ ਕਿ ਜੇਕਰ ਸੋਮਵਾਰ ਤੱਕ ਮਸਲਾ ਹੱਲ ਨਾ ਕੀਤਾ ਗਿਆ ਤਾਂ ਮੈਂ ਖੁਦ ਸਾਂਝੀ ਐਕਸ਼ਨ ਕਮੇਟੀ ਵੱਲੋਂ ਲਗਾਏ ਪੱਕੇ ਧਰਨੇ 'ਚ ਸ਼ਾਮਲ ਹੋਵਾਂਗਾ।

ਗੁਰਸੇਵਕ ਸਿੰਘ ਜਵਾਹਰਕੇ ਤੇ ਧੰਨਾ ਮੱਲ ਗੋਇਲ ਨੇ ਦੱਸਿਆ ਕਿ ਅੱਜ ਫਿਰ ਪੁਲੀਸ ਪ੍ਰਸ਼ਾਸ਼ਨ ਵੱਲੋਂ ਸਾਂਝੀ ਐਕਸ਼ਨ ਕਮੇਟੀ ਨੂੰ ਮੀਟਿੰਗ ਕਰ ਲੈਣ ਦਾ ਸੱਦਾ ਆਇਆ ਸੀ, ਜਿਸ ਨੂੰ ਸਰਬਸੰਮਤੀ ਨਾਲ ਨਕਾਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜਿਹੜਾ ਪੁਲਸ ਪ੍ਰਸ਼ਾਸਨ ਅੱਜ ਤੋਂ ਪਹਿਲਾਂ ਪੰਜ ਵਾਰ ਵਾਅਦੇ ਕਰਕੇ ਕਿਸੇ 'ਤੇ ਵੀ ਖਰਾ ਨਹੀਂ ਉੱਤਰ ਸਕਿਆ, ਉਸ ਨਾਲ ਵਾਰ ਵਾਰ ਮੀਟਿੰਗਾਂ ਕਰਨ ਦੀ ਕੋਈ ਤੁੱਕ ਹੀ ਨਹੀਂ ਬਣਦੀ। ਇਸ ਮੌਕੇ ਪਰਮਿੰਦਰ ਸਿੰਘ ਝੋਟੇ ਦੇ ਪਿਤਾ ਭੀਮ ਸਿੰਘ, ਕਿਸਾਨ ਆਗੂ ਪ੍ਰਸ਼ੋਤਮ ਸਿੰਘ, ਅਮਰੀਕ ਸਿੰਘ ਫਫੜੇ, ਸੁਖਜੀਤ ਸਿੰਘ ਰਾਮਾਨੰਦੀ, ਅਮਨ ਪਟਵਾਰੀ, ਗਗਨ ਸ਼ਰਮਾ, ਇੰਦਰਜੀਤ ਮੁਨਸ਼ੀ, ਜਗਦੇਵ ਸਿੰਘ ਭੈਣੀ, ਕੁਲਵਿੰਦਰ ਕਾਲੀ, ਮੱਖਣ ਸਿੰਘ ਭੈਣੀ, ਬਲਜਿੰਦਰ ਸਿੰਘ, ਪ੍ਰਦੀਪ ਖਾਲਸਾ, ਗੁਰਦੇਵ ਸਿੰਘ ਮਾਨਸ਼ਾਹੀਆ, ਜੱਗਾ ਸਿੰਘ ਨੇ ਵੀ ਤਿੱਖੀ ਸੁਰ 'ਚ ਸੰਬੋਧਨ ਕੀਤਾ।

ਸੀਵਰੇਜ ਦੀ ਸਮਾਜ ਸੇਵਕ ਗਗਨ ਉੱਪਲ ਨੇ ਕਰਵਾਈ ਸਫਾਈ

ਮੰਡੀ ਗੋਬਿੰਦਗੜ੍ਹ (ਲਖਵੀਰ ਸਿੰਘ, ਹਰਚਰਨ ਉੱਪਲ)- ਅਜਨਾਲੀ ਦੇ ਵਾਰਡ ਨੰ 9-10 ਮਲਹੋਤਰਾ ਗੁਰਦੁਆਰੇ ਦੇ ਪਿੱਛੇ ਵਾਲੇ ਮੁਹੱਲੇ ਦੀ 2 ਮਹੀਨਿਆਂ ਦੀ ਸਮੱਸਿਆ ਦਾ 2 ਦਿਨਾਂ ਵਿੱਚ ਹੱਲ ਸਮਾਜ ਸੇਵਕ ਗਗਨ ਉਪਲ ਵੱਲੋਂ ਕਰਵਾਇਆ ਗਿਆ। ਮੁਹੱਲਾ ਵਾਸੀਆਂ ਦਾ ਕਹਿਣਾ ਹੈ ਕੇ ਸੀਵਰ ਦੇ ਮੇਨ ਹੋਲ 2 ਮਹੀਨਿਆਂ ਤੋਂ ਓਵਰਫਲੋ ਸਨ, ਪਰ ਮੁਹੱਲਾ ਵਾਸੀਆਂ ਦੀ ਕੋਈ ਵੀ ਸੁਣਵਾਈ ਨਹੀ ਸੀ ਹੋ ਰਹੀ। ਰਾਜਨੀਤਕ ਆਗੂਆਂ ਨੂੰ ਵੀ ਕਿਹਾ, ਪਰ ਕਿਸੇ ਨੇ ਮੁਹੱਲਾ ਵਾਸੀਆਂ ਦੀ ਬਾਂਹ ਨਾ ਫੜੀ। ਮੁਹੱਲਾ ਵਾਸੀਆਂ ਵੱਲੋਂ ਗਗਨ ਉੱਪਲ ਨੂੰ ਸੀਵਰ ਦਾ ਹਾਲ ਦਿਖਾਇਆ ਗਿਆ, ਹਾਲ ਦੇਖਣ ਤੋਂ ਬਾਅਦ ਅਜਨਾਲੀ ਦੇ ਰਾਜਨੀਤਕ ਆਗੂਆਂ ਤੋਂ ਕਿਸੇ ਤਰ੍ਹਾਂ ਦੀ ਮਦਦ ਤੋਂ ਬਿਨਾਂ ਪਹਿਲ ਦੇ ਅਧਾਰ 'ਤੇ 6 ਮੇਨ ਹੋਲਾਂ ਦੀ ਸਫਾਈ ਕਰਵਾਈ ਗਈ। ਇਸ ਮੌਕੇ ਮੁਹੱਲਾ ਵਾਸੀਆਂ ਨੇ ਸਮਾਜ ਸੇਵਕ ਗਗਨ ਉੱਪਲ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਇਸ ਮੌਕੇ ਮੁਹੱਲਾ ਨਿਵਾਸੀ ਸੁਖਵੀਦਰ ਪਾਲ ਕਪੂਰ, ਸੁਰਿੰਦਰਪਾਲ ਮਲਹੋਤਰਾ, ਹੈਪੀ ਚੋਪੜਾ, ਅਮਰਜੀਤ ਸਿੰਘ ਵਧੋਨ, ਹਰਦੀਪ ਸਿੰਘ, ਗੁਰਮੀਤ ਸਿੰਘ, ਸੈਂਟੀ, ਵੀਪਨ ਕਪੂਰ, ਲਵਦੀਪ, ਸੋਨੂੰ, ਸਨੀ, ਜਸਵੀਰ ਸਿੰਘ (ਜੱਸਾ), ਕਮਲ ਅਜਨਾਲੀ, ਮੱਖਣ ਅਜਨਾਲੀ ਆਦਿ ਮੌਜੂਦ ਸਨ।

82.65 ਕਰੋੜ ਦੀ ਲਾਗਤ ਨਾਲ ਰਜਬਾਹੇ ਨੂੰ ਕੀਤਾ ਜਾਵੇਗਾ ਪੱਕਾ : ਮੀਤ ਹੇਅਰ

ਮੁੱਖ ਮੰਤਰੀ ਦੇ ਨਿਰਦੇਸ਼ਾਂ 'ਤੇ ਹਰ ਖੇਤ ਨੂੰ ਨਹਿਰੀ ਪਾਣੀ ਪੁੱਜਦਾ ਕਰਨ ਦੀ ਕਵਾਇਦ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਸੋਨੂੰ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਹਰ ਖੇਤ ਨੂੰ ਸਿੰਜਾਈ ਲਈ ਨਹਿਰੀ ਪਾਣੀ ਪੁੱਜਦਾ ਕਰਨ ਦੇ ਨਿਰਦੇਸ਼ਾਂ ਉਤੇ ਜਲ ਸਰੋਤ ਵਿਭਾਗ ਵੱਲੋਂ ਨਹਿਰੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਵੱਧ ਤੋਂ ਵੱਧ ਰਕਬੇ ਨੂੰ ਨਹਿਰੀ ਪਾਣੀ ਪੁੱਜਦਾ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ। ਫਤਿਹਗੜ੍ਹ ਸਾਹਿਬ ਤੇ ਲੁਧਿਆਣਾ ਜ਼ਿਲ੍ਹੇ ਦੇ ਕਿਸਾਨਾਂ ਦੀ ਪੁਰਜ਼ੋਰ ਮੰਗ ਨੂੰ ਪੂਰਾ ਕਰਦਿਆਂ ਖੰਨਾ ਰਜਬਾਹੇ ਨੂੰ 82.65 ਕਰੋੜ ਦੀ ਲਾਗਤ ਨਾਲ ਪੱਕਾ ਕੀਤਾ ਜਾਵੇਗਾ।

ਇੱਥੇ ਜਾਰੀ ਪ੍ਰੈੱਸ ਬਿਆਨ ਰਾਹੀਂ ਜਾਣਕਾਰੀ ਦਿੰਦਿਆਂ ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ 72202 ਏਕੜ ਰਕਬੇ ਨੂੰ ਕਵਰ ਕਰਦੇ ਖੰਨਾ ਰਜਬਾਹੇ ਵਿੱਚ ਮੌਜੂਦਾ ਸਮੇਂ 175 ਕਿਊਸਿਕ ਛੱਡਿਆ ਜਾਂਦਾ ਹੈ ਤੇ ਇਸ ਦੀ ਸਮਰੱਥਾ ਵਧਾ ਕੇ 251.34 ਕਿਊਸਿਕ ਕਰਨ ਦੀ ਯੋਜਨਾ ਹੈ, ਜਿਸ ਲਈ ਇਸ ਨੂੰ ਪੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਖੰਨਾ ਰਜਬਾਹਾ ਸਿਸਟਮ ਭਾਖੜਾ ਮੇਨ ਲਾਈਨ ਦੇ ਸਮਰਾਲਾ ਮੇਜਰ ਤੋਂ ਨਿਕਲਦਾ ਹੈ, ਜਿਸ ਦੀ ਲੰਬਾਈ ਕੁੱਲ ਲੰਬਾਈ 97.48 ਕਿਲੋਮੀਟਰ ਤੱਕ ਹੈ। ਇਹ ਰਜਬਾਹਾ ਸਿਸਟਮ ਜ਼ਿਲਾ ਫਤਿਹਗੜ੍ਹ ਸਾਹਿਬ ਤੇ ਲੁਧਿਆਣਾ ਦੇ ਕਈ ਪਿੰਡਾਂ ਨੂੰ ਸੰਗਤਪੁਰਾ ਮਾਈਨਰ, ਕੋਟਲਾ ਮਾਈਨਰ, ਬਰਧਲ ਮਾਈਨਰ, ਲਲਹੇੜੀ ਮਾਈਨਰ, ਬੀੜਕਿਸ਼ਨ ਮਾਈਨਰ ਤੇ ਨਰਾਇਣਗੜ੍ਹ ਮਾਈਨਰ ਰਾਹੀਂ ਸਿੰਜਾਈ ਮੁਹੱਈਆ ਕਰਦਾ ਹੈ। ਇਹ ਰਜਬਾਹਾ ਸਿਸਟਮ ਕੱਚਾ ਤੇ ਬਹੁਤ ਪੁਰਾਣਾ ਬਣਿਆ ਹੋਣ ਕਰਕੇ ਆਪਣੀ ਸਮਰੱਥਾ ਅਨੁਸਾਰ ਪਾਣੀ ਨਹੀਂ ਲੈ ਰਿਹਾ ਹੈ।

ਜਲ ਸਰੋਤ ਮੰਤਰੀ ਨੇ ਦੱਸਿਆ ਕਿ ਹਲਕਾ ਬੱਸੀ ਪਠਾਣਾਂ ਤੋਂ ਵਿਧਾਇਕ ਰੁਪਿੰਦਰ ਸਿੰਘ ਹੈਪੀ, ਖੰਨਾ ਤੋਂ ਵਿਧਾਇਕ ਤਰੁਣਪ੍ਰੀਤ ਸਿੰਘ ਸੌਂਦ ਤੇ ਸਮਰਾਲਾ ਤੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵੱਲੋਂ ਇਨ੍ਹਾਂ ਹਲਕੇ ਦੇ ਕਿਸਾਨਾਂ ਦੀ ਮੰਗ ਧਿਆਨ ਵਿੱਚ ਲਿਆਂਦੀ ਗਈ, ਜਿਸ ਉੱਤੇ ਵਿਭਾਗ ਨੇ ਇਹ ਫੈਸਲਾ ਕੀਤਾ ਹੈ ਤਾਂ ਜੋ ਇਨ੍ਹਾਂ ਹਲਕਿਆਂ ਦੇ ਪਿੰਡਾਂ ਦੇ ਰਕਬੇ ਨੂੰ ਵੱਧ ਤੋਂ ਵੱਧ ਸਿੰਜਾਈ ਦੀ ਸਹੂਲਤ ਮਿਲ ਸਕੇ।

ਮੀਤ ਹੇਅਰ ਨੇ ਦੱਸਿਆ ਵਿਭਾਗ ਵੱਲੋਂ ਦਿੱਤੀ ਮਨਜ਼ੂਰੀ ਨਾਲ ਇਸ ਸਾਰੇ ਸਿਸਟਮ ਨੂੰ ਲੱਗਭੱਗ 97.48 ਕਿਲੋਮੀਟਰ ਲੰਬਾਈ 'ਚ ਕੰਕਰੀਟ ਲਾਈਨਿੰਗ ਕਰਕੇ ਪੱਕਾ ਕਰਨ ਦੀ ਯੋਜਨਾ ਹੈ ਤਾਂ ਜੋ ਪਾਣੀ ਵਿਅਰਥ ਨਾ ਜਾਵੇ ਤੇ ਬਾਕੀ ਸਿਸਟਮ ਅਤੇ ਟੇਲਾਂ ਉੱਪਰ ਉੱਪਰ ਪੂਰਾ ਪਾਣੀ ਪਹੁੰਚ ਸਕੇ ਅਤੇ ਨਹਿਰੀ ਸਿੰਜਾਈ ਹੇਠ ਰਕਬਾ ਵਧ ਸਕੇ। ਇਸ ਯੋਜਨਾ ਨਾਲ ਤਿੰਨੋਂ ਹਲਕਿਆਂ ਬੱਸੀ ਪਠਾਣਾਂ, ਖੰਨਾ ਤੇ ਸਮਰਾਲਾ ਦੇ ਪਿੰਡਾਂ ਨੂੰ ਫਾਇਦਾ ਹੋਵੇਗਾ। ਇਸ ਪ੍ਰਾਜੈਕਟ ਉੱਪਰ 82.65 ਕਰੋੜ ਰੁਪਏ ਖਰਚਾ ਆਵੇਗਾ।

ਕਾਤਰਾਂ

ਖੇਡ ਨਰਸਰੀ ਵਿਕਸਤ ਕਰਨਾ ਮਾਨ ਦਾ ਵਧੀਆ ਉਪਰਾਲਾ : ਦਲਬੀਰ ਗਿੱਲ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਖੇਡਾਂ ਵਤਨ ਪੰਜਾਬ ਦੀਆਂ ਮੁੱਖ ਮੰਤਰੀ ਭਗਵੰਤ ਮਾਨ ਦਾ ਉਹ ਸੁਪਨਾ ਹੈ ਜਿਸ ਨੂੰ ਉਹ ਬਹੁਤ ਸਮੇ ਤੋਂ ਸਿੰਜੋਈ ਬੈਠੇ ਸਨ ਕਿ ਕਿਸੇ ਤਰ੍ਹਾਂ ਪੰਜਾਬ 'ਚ ਮੁੜ ਖੇਡ ਸੱਭਿਆਚਾਰ ਪੈਦਾ ਕਰਕੇ ਅੰਤਰਰਾਸ਼ਟਰੀ ਪੱਧਰ ਦੇ ਉਲੰਪਿਕ ਖਿਡਾਰੀ ਪੈਦਾ ਕੀਤੇ ਜਾ ਸਕਣ ਤੇ ਖੇਡਾਂ ਵਤਨ ਪੰਜਾਬ ਦੀਆਂ ਪੰਜਾਬ 'ਚ ਖੇਡ ਨਰਸਰੀ ਵਜੋਂ ਇੱਕ ਵਧੀਆ ਉਪਰਾਲਾ ਸਿੱਧ ਹੋਵੇਗੀ ਜਿਸ ਦੇ ਸਿੱਟੇ ਵਜੋਂ ਜਲਦੀ ਹੀ ਪੰਜਾਬ ਦੇ ਨੌਜਵਾਨ ਖਿਡਾਰੀਆਂ ਨੂੰ ਤੁਸੀਂ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਅਗਵਾਈ ਕਰਦੇ ਦੇਖੋਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਲੋਕ ਸਭਾ ਹਲਕਾ ਪਟਿਆਲਾ ਤੋਂ ਆਪ ਦੇ ਸੰਭਾਵੀ ਉਮੀਦਵਾਰ ਦਲਬੀਰ ਗਿੱਲ ਯੂ ਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਯੂ ਕੇ ਨੇ ਅੱਗੇ ਕਿਹਾ ਕਿ ਇੱਕ ਸਮਾਂ ਸੀ ਜਦੋਂ ਪੰਜਾਬ ਪੂਰੇ ਭਾਰਤ ਦੀ ਖੇਡ ਨਰਸਰੀ ਵਜੋਂ ਵਿਕਸਤ ਸੀ ਤੇ ਪੰਜਾਬ ਦੇ ਖਿਡਾਰੀ ਉਲੰਪਿਕ ਤੇ ਸੰਸਾਰ ਪੱਧਰ ਦੇ ਮੁਕਾਬਲਿਆਂ 'ਚ ਭਾਰਤ ਦੀ ਅਗਵਾਈ ਕਰਦੇ ਸਨ। ਤਮਗੇ ਜਿੱਤਣ ਵਾਲੇ ਖਿਡਾਰੀ ਸਿਰਫ ਪੰਜਾਬੀ ਹੀ ਹੁੰਦੇ ਸਨ ਪਰ ਹੁਣ ਉਹ ਦਿਨ ਦੂਰ ਨਹੀਂ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ੀ ਸੋਚ ਸਦਕਾ ਇਤਿਹਾਸ ਦੁਹਰਾਇਆ ਜਾਵੇਗਾ ਤੇ ਪੰਜਾਬ ਮੁੜ ਸੰਸਾਰ ਪੱਧਰ ਦੇ ਖੇਡ ਮੁਕਾਬਲਿਆਂ 'ਚ ਭਾਰਤ ਦੀ ਅਗਵਾਈ ਕਰਦਾ ਨਜ਼ਰ ਆਵੇਗਾ।

ਬਲੌਜ਼ਮਜ਼ ਕਾਨਵੈਂਟ ਸਕੂਲ 'ਚ ਵਾਦ-ਵਿਵਾਦ ਮੁਕਾਬਲੇ

ਜਗਰਾਉਂ (ਅਮਿਤ ਖੰਨਾ)-ਬਲੌਜ਼ਮਜ਼ ਕਾਨਵੈਂਟ ਸਕੂਲ ਲੀਲਾਂ ਵੱਲੋਂ ਅੱਜ ਜਮਾਤ ਚੌਥੀ ਤੋਂ ਲੈ ਕੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇੰਗਲਿਸ਼ ਵਿਸ਼ੇ ਦੀ ਰੀਡਿੰਗ ਗਤੀਵਿਧੀ ਅਤੇ ਵਾਦ-ਵਿਵਾਦ ਦੇ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੇ ਇਨ੍ਹਾਂ ਗਤੀਵਿਧੀਆਂ 'ਚ ਆਪਣੀ ਪੜ੍ਹਨ ਕੌਸ਼ਲ ਦੀ ਪ੍ਰਤਿਭਾ 'ਚ ਨਿਖਾਰ ਲਿਆਉਣ ਦੀ ਸਾਰਥਕ ਕੋਸ਼ਿਸ਼ ਕੀਤੀ। ਇਸ ਗਤੀਵਿਧੀ 'ਚ ਹਰ ਜਮਾਤ ਦੇ ਇੰਚਾਰਜ ਨੇ ਆਪਣੀ ਜਮਾਤ 'ਚੋਂ ਇੱਕ ਸਰਵਉੱਤਮ ਬੱਚੇ ਦੀ ਚੋਣ ਕੀਤੀ। ਪ੍ਰਿੰਸੀਪਲ ਡਾ.ਅਮਰਜੀਤ ਕੌਰ ਨਾਜ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਬੱਚਿਆਂ ਦੇ ਪੜ੍ਹਨ ਕੌਸ਼ਲ 'ਚ ਵਿਕਾਸ ਹੁੰਦਾ ਹੈ। ਬੱਚੇ ਆਪਣੇ ਸਾਥੀਆਂ ਤੋਂ ਪ੍ਰਭਾਵਿਤ ਹੋ ਕੇ ਖੁਦ ਵੀ ਪੜ੍ਹਨ ਦਾ ਅਭਿਆਸ ਕਰਦੇ ਹਨ ਅਤੇ ਆਪਣੀਆਂ ਤਰੁਟੀਆਂ ਨੂੰ ਦੂਰ ਕਰਦੇ ਹਨ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ।

ਦੜਾ-ਸੱਟਾ ਲਗਵਾਉਂਦਾ ਕਾਬੂ

ਮਾਛੀਵਾੜਾ ਸਾਹਿਬ (ਸ਼ੇਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਵੱਲੋਂ ਦੜਾ-ਸੱਟਾ ਲਗਵਾਉਣ ਦੇ ਕਥਿਤ ਦੋਸ਼ ਹੇਠ ਧਿਆਨ ਸਿੰਘ ਵਾਸੀ ਮਾਛੀਵਾੜਾ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਥਾਣਾ ਮੁਖੀ ਸੰਤੋਖ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਗਸ਼ਤ ਕੀਤੀ ਜਾ ਰਹੀ ਸੀ ਤਾਂ ਕਿਸੇ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਧਿਆਨ ਸਿੰਘ ਕੁਹਾੜਾ ਰੋਡ 'ਤੇ ਤੁਰ ਫਿਰ ਕੇ ਦੜੇ ਸੱਟੇ ਦੀ ਪਰਚੀ ਲਿਖ ਰਿਹਾ ਹੈ। ਪੁਲਸ ਵੱਲੋਂ ਮੁਖ਼ਬਰ ਦੀ ਸੂਚਨਾ ਦੇ ਅਧਾਰ 'ਤੇ ਛਾਪੇਮਾਰੀ ਕਰ ਧਿਆਨ ਸਿੰਘ ਨੂੰ ਕਾਬੂ ਕਰ ਲਿਆ। ਇਸ ਪਾਸੋਂ 1570 ਰੁਪਏ ਨਕਦ ਤੇ ਦੜੇ-ਸੱਟੇ ਦੀ ਪਰਚੀ ਬਰਾਮਦ ਹੋਈ।

ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋ. ਦੀ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਫਿਰੋਜ਼ਪੁਰ ਦੀ ਮਾਸਿਕ ਮੀਟਿੰਗ ਖਜ਼ਾਨ ਸਿੰਘ ਦੀ ਪ੍ਰਧਾਨਗੀ ਵਿੱਚ ਹੋਈ। ਇਸ ਮੌਕੇ ਅਜੀਤ ਸਿੰਘ ਸੋਢੀ ਜਨਰਲ ਸਕੱਤਰ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਸੁਰਿੰਦਰ ਕੁਮਾਰ ਜੋਸਨ, ਬੂਟਾ ਸਿੰਘ, ਸਵਰਨਜੀਤ ਸਿੰਘ, ਦੀਪਕ ਕੁਮਾਰ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਸਰਕਾਰ ਨੇ ਪੈਨਸ਼ਨਰਾਂ ਨੂੰ ਲੰਗੜਾ 6ਵਾਂ ਪੇ ਕਮਿਸ਼ਨ ਦਿੱਤਾ ਹੈ ਤੇ 2.59 ਫੈਕਟਰ, 1-1-16 ਤੋਂ 30-6-21 ਤੱਕ ਡੀ ਏ ਦਾ ਬਕਾਇਆ 34 ਪ੍ਰਤੀਸ਼ਤ ਡੀ ਏ ਤੋਂ 45 ਪ੍ਰਤੀਸ਼ਤ ਡੀ ਏ ਦੀਆਂ ਕਿਸ਼ਤਾਂ ਬਾਰੇ ਚੁੱਪ ਧਾਰ ਰੱਖੀ ਹੈ। ਪੰਜਾਬ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ ਹੈ ਤੇ ਇਸ ਦਾ ਖਮਿਆਜ਼ਾ ਸਰਕਾਰ ਨੂੰ 2024 ਦੇ ਸੰਸਦੀ ਇਲੈਕਸ਼ਨ ਵਿੱਚ ਭੁਗਤਣਾ ਪਵੇਗਾ। ਇਸ ਮੌਕੇ ਅਜੀਤ ਸਿੰਘ ਸੋਢੀ, ਖਜ਼ਾਨ ਸਿੰਘ

11-SEP-PAGE-1.qxd 9/10/2023 8:23 PM Page 1

ਸੋਮਵਾਰ, 11 ਸਤੰਬਰ, 2023
26 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 101

ਨਵਾਂ ਜ਼ਮਾਨਾ

DAILY NAWAN ZAMANA • MONDAY, 11 SEPTEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਸਿੱਖਾਂ ਸਣੇ 20 ਕਰੋੜ ਘੱਟ ਗਿਣਤੀਆਂ ਦਾ ਅਸਹਿਜ ਹੋਣਾ ਸ਼ਰਮਨਾਕ : ਰਾਹੁਲ

ਭਾਜਪਾ ਹਿੰਦੂ ਰਾਸ਼ਟਰਵਾਦੀ ਨਹੀਂ, ਕਮਜ਼ੋਰਾਂ ਨੂੰ ਦਬਾਉਣ ਵਾਲੀ ਪਾਰਟੀ

ਪੈਰਿਸ : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇੱਥੇ ਵਿਦਿਆਰਥੀਆਂ ਤੇ ਸਿੱਖਿਆ ਸ਼ਾਸਤਰੀਆਂ ਦੇ ਰੂਬਰੂ ਹੁੰਦਿਆਂ ਕਿਹਾ ਕਿ ਭਾਰਤ 'ਚ ਸੱਤਾਧਾਰੀ ਭਾਜਪਾ ਕਿਸੇ ਵੀ ਕੀਮਤ 'ਤੇ ਸੱਤਾ 'ਤੇ ਬਣੇ ਰਹਿਣਾ ਚਾਹੁੰਦੀ ਹੈ ਅਤੇ ਉਸ ਦੀਆਂ ਕਾਰਵਾਈਆਂ 'ਚ ਕੁਝ ਵੀ ਹਿੰਦੂ ਨਹੀਂ । ਸਾਇੰਸਜ਼ ਪੀਓ ਯੂਨੀਵਰਸਿਟੀ 'ਚ ਰਾਹੁਲ ਨੇ ਆਪਣੀ 'ਭਾਰਤ ਜੋੜੋ ਯਾਤਰਾ', ਭਾਰਤ ਵਿਚ ਜਮਹੂਰੀ ਢਾਂਚਿਆਂ ਨੂੰ ਬਚਾਉਣ ਲਈ ਵਿਰੋਧੀ ਧਿਰਾਂ ਦੇ ਗੱਠਜੋੜ ਵੱਲੋਂ ਲੜੀ ਜਾ ਰਹੀ ਲੜਾਈ, ਆਲਮੀ ਤਬਦੀਲੀ ਤੇ ਹੋਰ ਕਈ ਅਹਿਮ ਵਿਸ਼ਿਆਂ 'ਤੇ ਆਪਣੇ ਵਿਚਾਰ ਰੱਖੇ।

ਉਨ੍ਹਾ ਕਿਹਾ ਕਿ ਵਿਰੋਧੀ ਧਿਰ 'ਦੇਸ਼ ਦੀ ਰੂਹ' ਵਾਸਤੇ ਲੜਨ ਲਈ ਵਚਨਬੱਧ ਹੈ ਅਤੇ ਦੇਸ਼ ਮੌਜੂਦਾ 'ਅਸ਼ਾਂਤੀ' ਤੋਂ 'ਸਹੀ ਤਰੀਕੇ ਨਾਲ ਉਭਰ' ਆਏਗਾ। ਉਨ੍ਹਾ ਕਿਹਾ—ਮੈਂ ਗੀਤਾ ਪੜ੍ਹੀ ਹੈ, ਮੈਂ ਕਈ ਉਪਨਿਸ਼ਦ ਪੜ੍ਹੇ ਹਨ, ਮੈਂ ਬਹੁਤ ਸਾਰੀਆਂ ਹਿੰਦੂ ਕਿਤਾਬਾਂ ਵੀ ਪੜ੍ਹੀਆਂ ਹਨ, ਪਰ ਭਾਜਪਾ ਜੋ ਕਰਦੀ ਹੈ, ਉਸ 'ਚ ਕੁਝ ਵੀ ਹਿੰਦੂ ਨਹੀਂ, ਬਿਲਕੁਲ ਕੁਝ ਵੀ ਨਹੀਂ ਹੈ। ਮੈਂ ਕਦੇ ਕਿਸੇ ਹਿੰਦੂ ਕਿਤਾਬ ਵਿਚ ਨਹੀਂ ਪੜ੍ਹਿਆ ਤੇ ਨਾ ਕਿਸੇ ਹਿੰਦੂ ਵਿਦਵਾਨ ਤੋਂ ਸੁਣਿਆ ਕਿ ਤੁਹਾਨੂੰ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣਾ ਚਾਹੀਦਾ ਹੈ, ਜਿਹੜੇ ਤੁਹਾਡੇ ਨਾਲੋਂ ਕਮਜ਼ੋਰ ਹਨ। ਇਹ ਭਾਜਪਾ ਵਾਲੇ ਹਿੰਦੂ ਰਾਸ਼ਟਰਵਾਦੀ ਨਹੀਂ ਹਨ। ਉਨ੍ਹਾਂ ਦਾ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ। ਉਹ ਸੱਤਾ ਲਈ ਕੁਝ ਵੀ ਕਰਦੇ ਹਨ। ਰਾਹੁਲ ਗਾਂਧੀ ਨੇ ਇਹ ਵੱਡੀ ਗੱਲ ਵੀ ਕਹੀ ਕਿ ਭਾਰਤ ਵਿਚ ਸਿੱਖਾਂ ਸਣੇ 20 ਕਰੋੜ ਲੋਕ ਅਸਹਿਜ ਮਹਿਸੂਸ ਕਰ ਰਹੇ ਹਨ। ਇਹ ਸਾਡੇ ਲਈ ਸ਼ਰਮ ਦੀ ਗੱਲ ਹੈ। ਇਸ ਨੂੰ ਠੀਕ ਕਰਨ ਦੀ ਲੋੜ ਹੈ। ਘੱਟ ਗਿਣਤੀਆਂ ਤੋਂ ਇਲਾਵਾ ਕਈ ਮਹਿਲਾਵਾਂ ਵੀ ਹਨ, ਜੋ ਖੁਦ ਨੂੰ ਅਸਹਿਜ ਮਹਿਸੂਸ ਕਰ ਰਹੀਆਂ ਹਨ।

ਰਾਹੁਲ ਨੇ ਕਿਹਾ—ਮੋਦੀ ਸਰਕਾਰ ਵਿਰੋਧੀ ਪਾਰਟੀਆਂ ਦੇ 'ਇੰਡੀਆ' ਨਾਂਅ ਵਾਲੇ ਗੱਠਜੋੜ ਤੋਂ ਚਿੜ੍ਹ ਗਈ ਹੈ। ਇਸੇ ਕਰਕੇ ਦੇਸ਼ ਦਾ ਨਾਂਅ ਇੰਡੀਆ ਤੋਂ ਬਦਲ ਕੇ ਭਾਰਤ ਕਰਨਾ ਚਾਹੁੰਦੀ ਹੈ। ਰਾਹੁਲ ਨੇ ਕਿਹਾ—ਆਰ ਐੱਸ ਐੱਸ ਤੇ ਭਾਜਪਾ ਭਾਰਤ 'ਚ ਘੱਟ ਗਿਣਤੀਆਂ ਤੋਂ ਇਲਾਵਾ ਹੇਠਲੀਆਂ ਤੇ ਪੱਛੜੀਆਂ ਜਾਤਾਂ ਦੀ ਆਵਾਜ਼ ਬੰਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੈਂ ਅਜਿਹਾ ਭਾਰਤ ਨਹੀਂ ਚਾਹੁੰਦਾ, ਜਿੱਥੇ ਲੋਕਾਂ ਨਾਲ ਬਦਸਲੂਕੀ ਹੁੰਦੀ ਹੋਵੇ।

ਬਾਏ-ਬਾਏ! ਭਾਰਤ, ਹੁਣ ਬ੍ਰਾਜ਼ੀਲ 'ਚ ਮਿਲਾਂਗੇ

ਮੋਦੀ ਨੇ ਰਾਸ਼ਟਰਪਤੀ ਸਿਲਵਾ ਨੂੰ ਸੌਂਪੀ ਜੀ-20 ਦੀ ਪ੍ਰਧਾਨਗੀ

ਨਵੀਂ ਦਿੱਲੀ : ਜੀ-20 ਸਿਖਰ ਸੰਮੇਲਨ ਦੇ ਆਖਰੀ ਦਿਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜੀ-20 ਦੀ ਪ੍ਰਧਾਨਗੀ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਡੀ ਸਿਲਵਾ ਨੂੰ ਸੌਂਪੀ ਅਤੇ ਸੰਮੇਲਨ ਦਾ ਸੰਪੰਨ ਕੀਤਾ। ਹੁਣ ਅਗਲੇ ਸਾਲ ਜੀ-20 ਸਿਖਰ ਸੰਮੇਲਨ ਬ੍ਰਾਜ਼ੀਲ 'ਚ ਹੋਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਇਸ ਲਈ ਲੂਲਾ ਡੀ ਸਿਲਵਾ ਨੂੰ ਵਧਾਈ ਦਿੱਤੀ। ਇਸ ਤੋਂ ਬਾਅਦ ਸਿਲਵਾ ਨੇ ਕਿਹਾ ਕਿ ਗਰੀਬ ਦੇਸ਼ਾਂ ਦੀ ਕਰਜ਼ ਦੀ ਸਮੱਸਿਆ 'ਤੇ ਧਿਆਨ ਦੇਣਾ ਹੋਵੇਗਾ। ਦੁਨੀਆ ਨੂੰ ਵਿਸ਼ਵ ਭੁੱਖਮਰੀ ਖ਼ਤਮ ਕਰਨ ਦੀ ਕੋਸ਼ਿਸ਼ ਵਧਾਉਣੀ ਹੋਵੇਗੀ। ਪ੍ਰਧਾਨ ਮੰਤਰੀ ਨੇ ਕਿਹਾ—ਦੁਨੀਆ ਬਦਲ ਰਹੀ ਹੈ, ਇਸ ਦੇ ਨਾਲ ਦੁਨੀਆ ਦੀਆਂ ਸੰਸਥਾਵਾਂ ਨੂੰ ਵੀ ਬਦਲਣ ਦੀ ਜ਼ਰੂਰਤ ਹੈ। ਉਨ੍ਹਾ ਕਿਹਾ, 'ਯੂ ਐੱਨ ਐੱਸ ਸੀ 'ਚ ਹਾਲੇ ਤੱਕ ਓਨੇ ਹੀ ਮੈਂਬਰ ਹਨ, ਜਿੰਨੇ ਇਸ ਦੀ ਸਥਾਪਨਾ ਸਮੇਂ ਸਨ। ਸਥਾਈ ਦੇਸ਼ਾਂ ਦੀ ਗਿਣਤੀ ਵਧਾਉਣੀ ਚਾਹੀਦੀ ਹੈ।'

ਇਸ ਤੋਂ ਪਹਿਲਾਂ ਤੀਜੇ ਸੈਸ਼ਨ ਦੌਰਾਨ ਐਲਾਨਨਾਮੇ 'ਤੇ ਰਸਮੀ ਮੋਹਰ ਲਾ ਦਿੱਤੀ ਗਈ। ਮੋਦੀ ਨੇ ਕਿਹਾ—ਤੁਸੀਂ ਸਾਰੇ ਜਾਣਦੇ ਹੋ ਕਿ ਨਵੰਬਰ ਤੱਕ ਜੀ-20 ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਹਾਲੇ ਭਾਰਤ ਕੋਲ ਹੈ। ਹਾਲੇ ਢਾਈ ਮਹੀਨੇ ਬਾਕੀ ਹਨ। ਇਨ੍ਹਾਂ ਦੋ ਦਿਨਾਂ 'ਚ ਤੁਸੀਂ ਸਾਰਿਆਂ ਨੇ ਕਈ ਗੱਲਾਂ ਇੱਥੇ ਰੱਖੀਆਂ ਅਤੇ ਸੁਝਾਅ ਦਿੱਤੇ। ਸਾਡੀ ਜ਼ਿੰਮੇਵਾਰੀ ਹੈ ਕਿ ਜੋ ਸੁਝਾਅ ਆਏ ਹਨ, ਉਨ੍ਹਾਂ ਨੂੰ ਇਕ ਵਾਰ ਫਿਰ ਦੇਖਿਆ ਜਾਵੇ ਕਿ ਉਨ੍ਹਾਂ ਦੀ ਪ੍ਰਗਤੀ 'ਚ ਗਤੀ ਕਿਸ ਤਰ੍ਹਾਂ ਲਿਆਂਦੀ ਜਾ ਸਕਦੀ ਹੈ। ਸਾਡਾ ਪ੍ਰਸਤਾਵ ਹੈ ਕਿ ਨਵੰਬਰ ਦੇ ਅੰਤ 'ਚ ਜੀ-20 ਦਾ ਇੱਕ ਵਰਚੂਅਲ ਸੈਸ਼ਨ ਹੋਰ ਰੱਖਿਆ ਜਾਵੇ। ਉਸ ਸੈਸ਼ਨ 'ਚ ਸਮਿਟ ਦੌਰਾਨ ਅਸੀਂ ਤੈਅ ਵਿਸ਼ਿਆਂ ਦੀ ਸਮੀਖਿਆ ਕਰ ਸਕਦੇ ਹਾਂ। ਇਸ ਸਭ ਦੀ ਜਾਣਕਾਰੀ ਸਾਡੀ ਟੀਮ ਤੁਹਾਡੇ ਨਾਲ ਸ਼ੇਅਰ ਕਰੇਗੀ। ਉਮੀਦ ਹੈ ਕਿ ਤੁਸੀਂ ਸਾਰੇ ਇਸ ਦੇ ਨਾਲ ਜੁੜੋਗੇ। ਇਸ ਦੇ ਨਾਲ ਜੀ-20 ਸੰਪੰਨ ਦਾ ਐਲਾਨ ਕਰਦਾ ਹਾਂ।

ਦੂਜੇ ਦਿਨ ਸਿਖਰ ਸੰਮੇਲਨ ਸ਼ੁਰੂ ਹੋਣ ਦੇ ਠੀਕ ਪਹਿਲਾਂ ਬ੍ਰਾਜ਼ੀਲ ਅਤੇ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਪੌਦੇ ਭੇਟ ਕੀਤੇ। ਉਥੇ ਅਮਰੀਕੀ ਰਾਸ਼ਟਰਪਤੀ ਬਾਇਡਨ ਵੀਅਤਨਾਮ ਦੌਰੇ ਲਈ ਰਵਾਨਾ ਹੋ ਗਏ। ਇਸ ਤੋਂ ਪਹਿਲਾਂ ਸਵੇਰੇ ਸੰਮੇਲਨ ਦੇ ਦੂਜੇ ਅਤੇ ਆਖਰੀ ਦਿਨ ਮਹਿਮਾਨ ਦੇਸ਼ਾਂ ਦੇ ਨੇਤਾਵਾਂ ਨੇ ਰਾਜਘਾਟ ਪਹੁੰਚ ਕੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ। ਰਾਜਘਾਟ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਸਾਰੇ ਨੇਤਾਵਾਂ ਦਾ ਖਾਦੀ ਦੇ ਸ਼ਾਲ ਨਾਲ ਸਵਾਗਤ ਕੀਤਾ। ਸਾਰੇ ਨੇਤਾਵਾਂ ਨੂੰ ਰਾਜਘਾਟ ਬਾਰੇ ਜਾਣਕਾਰੀ ਦਿੱਤੀ। ਰਾਜਘਾਟ 'ਚ ਪਹੁੰਚੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਨੇ ਕਿਹਾ—ਜਦ ਅਸੀਂ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਦੇਣ ਲਈ ਰਾਜਘਾਟ ਪਹੁੰਚੇ ਤਾਂ ਮੈਂ ਬਹੁਤ ਭਾਵੁਕ ਹੋ ਗਿਆ। ਮੇਰੇ ਰਾਜਨੀਤਕ ਜੀਵਨ 'ਚ ਮਹਾਤਮਾ ਗਾਂਧਾ ਦਾ ਬਹੁਤ ਮਹੱਤਵ ਹੈ, ਕਿਉਂਕਿ ਅਹਿੰਸਾ ਦਾ ਮੈਂ ਕਈ ਦਹਾਕਿਆਂ 'ਤੇ ਪਾਲਣ ਕੀਤਾ, ਜਦ ਮੈਂ ਮਜ਼ਦੂਰਾਂ ਦੇ ਹੱਕਾਂ ਲਈ ਅੰਦੋਲਨ ਲੜਿਆ ਸੀ। ਇਹੀ ਕਾਰਨ ਹੈ ਕਿ ਜਦ ਮੈਂ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ ਤਾਂ ਮੈਂ ਭਾਵੁਕ ਹੋ ਗਿਆ।

ਅਕਸ਼ਤਾ ਮੂਰਤੀ ਨਾਲ ਸੂਨਕ ਪਹੁੰਚੇ ਅਕਸ਼ਰਧਾਮ

ਨਵੀਂ ਦਿੱਲੀ : ਜੀ-20 ਦੇ ਪ੍ਰੋਗਰਾਮ 'ਚੋਂ ਕੁਝ ਸਮਾਂ ਕੱਢ ਕੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਐਤਵਾਰ ਸਵੇਰੇ ਦਿੱਲੀ ਸਥਿਤ ਅਕਸ਼ਰਧਾਮ ਮੰਦਰ ਪਹੁੰਚੇ। ਇਸ ਦੌਰਾਨ ਉਨ੍ਹਾ ਦੀ ਪਤਨੀ ਅਕਸ਼ਤਾ ਮੂਰਤੀ ਵੀ ਨਾਲ ਸੀ। ਸੂਨਕ ਨੇ ਇਸ ਮੌਕੇ ਸਫੈਦ ਰੰਗ ਦਾ ਪਜਾਮਾ ਤੇ ਕਮੀਜ਼ ਪਾਈ ਹੋਈ ਸੀ, ਜਦੋਂਕਿ ਉਨ੍ਹਾ ਦੀ ਪਤਨੀ ਕੁੜਤੇ ਤੇ ਪਲਾਜੋ ਵਿੱਚ ਸੀ। ਰਿਸ਼ੀ ਸੂਨਕ 'ਤੇ ਸਿਰਫ਼ ਮੀਡੀਆ ਹੀ ਨਹੀਂ, ਬਲਕਿ ਪੂਰੇ ਦੇਸ਼ ਦੀਆਂ ਨਜ਼ਰਾਂ ਇਸ ਲਈ ਵੀ ਰਹਿੰਦੀਆਂ ਹਨ, ਕਿਉਂਕਿ ਉਹ ਭਾਰਤੀ ਮੂਲ ਦੇ ਹਨ। ਉਨ੍ਹਾ ਦੀ ਪਤਨੀ ਅਕਸ਼ਤਾ ਇਨਫੋਸਿਸ ਦੇ ਫਾਊਂਡਰ ਐੱਨ ਆਰ ਨਰਾਇਣਮੂਰਤੀ ਅਤੇ ਸੁਧਾ ਮੂਰਤੀ ਦੀ ਬੇਟੀ ਹੈ। ਸੂਨਕ ਅਕਸਰ ਭਾਰਤ ਅਤੇ ਇੱਥੋਂ ਦੀ ਸੰਸਕ੍ਰਿਤੀ ਦੀ ਪ੍ਰਸੰਸਾ ਕਰਦੇ ਰਹਿੰਦੇ ਹਨ। ਰਿਸ਼ੀ ਸੂਨਕ ਵੱਲੋਂ ਮੰਦਰ 'ਚ ਪੂਜਾ ਕੀਤੀ ਗਈ ਅਤੇ ਮੰਦਰ ਨਿਰਦੇਸ਼ਕ ਜਿਉਤਿੰਦਰ ਦਵੇ ਨੇ ਉਨ੍ਹਾ ਨੂੰ ਪੂਰੇ ਮੰਦਰ ਦੇ ਦਰਸ਼ਨ ਕਰਵਾਏ ਅਤੇ ਉਨ੍ਹਾ ਨੂੰ ਮੰਦਰ ਦਾ ਮਾਡਲ ਵੀ ਭੇਟ ਕੀਤਾ ਗਿਆ।

ਰੂਸ ਵੱਲੋਂ ਦਿੱਲੀ ਜੀ-20 ਐਲਾਨਨਾਮੇ ਦੀ ਸ਼ਲਾਘਾ

ਨਵੀਂ ਦਿੱਲੀ : ਭਾਰਤ 'ਚ ਹੋ ਰਿਹਾ ਜੀ-20 ਸਿਖਰ ਸੰਮੇਲਨ ਦਾ ਐਤਵਾਰ ਦੂਜਾ ਦਿਨ ਅਤੇ ਆਖਰੀ ਦਿਨ ਹੈ। ਸ਼ਨੀਵਾਰ ਹੋਏ ਸਾਂਝੇ ਐਲਾਨਨਾਮੇ ਤੋਂ ਬਾਅਦ ਰੂਸ ਨੇ 'ਜੀ-20 ਨਵੀਂ ਦਿੱਲੀ ਐਲਾਨਨਾਮੇ' ਦੀ ਸ਼ਲਾਘਾ ਕੀਤੀ ਹੈ। ਰੂਸ ਨੇ ਕਿਹਾ ਕਿ ਜੀ-20 ਆਗੂਆਂ ਨੇ ਰੂਸ-ਯੂਕਰੇਨ ਵਿਵਾਦ ਨੂੰ ਸੁਲਝਾਉਣ ਦੇ ਹਿੱਤ 'ਚ ਕੰਮ ਕੀਤਾ ਹੈ। ਜੀ-20 ਸਿਖਰ ਸੰਮੇਲਨ ਦੇ ਦੂਜੇ ਦਿਨ ਵੀ ਇਸ ਮੁੱਦੇ 'ਤੇ ਵਿਚਾਰ-ਚਰਚਾ ਜਾਰੀ ਰਹੀ। ਇਸ ਐਲਾਨਨਾਮੇ 'ਚ ਸਿੱਧੇ ਰੂਸ ਦਾ ਨਾਂਅ ਨਹੀਂ ਲਿਆ ਗਿਆ, ਹਾਲਾਂਕਿ ਯੂਕਰੇਨ ਯੁੱਧ ਦਾ ਜ਼ਿਕਰ ਕਈ ਵਾਰ ਕੀਤਾ ਗਿਆ। ਰੂਸ ਨੇ ਇਸ ਨੂੰ ਸੰਤੁਲਿਤ ਦੱਸਿਆ ਹੈ। ਉਥੇ ਹੀ ਅਮਰੀਕਾ ਨੇ ਵੀ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਉਤਰ ਅਤੇ ਦੱਖਣ 'ਚ ਸੰਤੁਲਨ ਬਣਾਉਣ 'ਚ ਕਾਮਯਾਬ ਰਹੇ ਹਨ।

ਇਸ ਸੰਬੰਧ 'ਚ 'ਨਿਊ ਯਾਰਕ ਟਾਇਮਜ਼' ਨੇ ਇੱਕ ਲੇਖ ਲਿਖ ਕੇ ਨਵੀਂ ਦਿੱਲੀ ਜੀ-20 ਸੰਮੇਲਨ ਦੇ ਸੰਯੁਕਤ ਐਲਾਨਨਾਮੇ 'ਚ ਯੂਕਰੇਨ ਯੁੱਧ ਨੂੰ ਲੈ ਕੇ ਰੂਸ ਦੀ ਨਿੰਦਾ ਨਹੀਂ ਕੀਤੀ, ਹਾਲਾਂਕਿ ਯੂਕਰੇਨ ਦੇ ਲੋਕਾਂ ਦੇ ਦਰਦ 'ਤੇ ਦੁੱਖ ਪ੍ਰਗਟ ਕੀਤਾ, ਜਦਕਿ ਬੀਤੇ ਸਾਲ ਇੰਡੋਨੇਸ਼ੀਆ ਨੇ ਬਾਲੀ 'ਚ ਜੀ-20 ਦੇ ਸੰਯੁਕਤ ਐਲਾਨਨਾਮੇ 'ਚ ਯੂਕਰੇਨ 'ਤੇ ਰੂਸ ਦੇ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ ਸੀ ਅਤੇ ਰੂਸ ਨੂੰ ਆਪਣੀ ਫੌਜ ਨੂੰ ਯੂਕਰੇਨ 'ਚੋਂ ਵਾਪਸ ਬੁਲਾਉਣ ਦੀ ਮੰਗ ਕੀਤੀ ਗਈ ਸੀ।

ਅਮਰੀਕੀ ਮੀਡੀਆ 'ਚ ਛਪੇ ਲੇਖ ਅਨੁਸਾਰ ਜੀ-20 ਸੰਮੇਲਨ ਦੌਰਾਨ ਜੋ ਬਾਇਡਨ ਜ਼ਿਆਦਾ ਸਰਗਰਮ ਨਹੀਂ ਦਿਖਾਈ ਦਿੱਤੇ ਅਤੇ ਉਨ੍ਹਾ ਪ੍ਰਧਾਨ ਮੰਤਰੀ ਮੋਦੀ ਨੂੰ ਅਗਵਾਈ ਕਰਨ ਦਿੱਤੀ। ਅਮਰੀਕੀ ਮੀਡੀਆ ਅਨੁਸਾਰ ਪਹਿਲਾਂ ਇਸ ਤਰ੍ਹਾਂ ਦੇ ਆਯੋਜਨ 'ਚ

● ਬਾਕੀ ਸਫ਼ਾ 10 'ਤੇ

ਮੋਰੱਕੋ ਭੁਚਾਲ 'ਚ ਮੌਤਾਂ ਦੀ ਗਿਣਤੀ 2000 ਤੋਂ ਪਾਰ

ਰਬਾਤ : ਉਤਰ ਅਫਰੀਕੀ ਦੇਸ਼ ਮੋਰੱਕੋ 'ਚ ਸ਼ੁੱਕਰਵਾਰ ਦੇਰ ਰਾਤ ਆਏ ਭੁਚਾਲ ਤੋਂ ਬਾਅਦ ਮਰਨ ਵਾਲਿਆਂ ਦੀ ਗਿਣਤੀ 2000 ਤੋਂ ਪਾਰ ਪਹੁੰਚ ਗਈ ਹੈ। ਇੱਕ ਰਿਪੋਰਟ ਮੁਤਾਬਿਕ ਭੁਚਾਲ 'ਚ 2012 ਲੋਕਾਂ ਦੀ ਜਾਨ ਜਾ ਚੁੱਕੀ ਹੈ ਅਤੇ 2059 ਲੋਕ ਜ਼ਖ਼ਮੀ ਹੋਏ ਹਨ। ਹਜ਼ਾਰਾਂ ਲੋਕ ਬੇਘਰ ਹਨ। ਅਧਿਕਾਰੀਆਂ ਨੇ ਦੇਸ਼ 'ਚ ਤਿੰਨ ਦਿਨ ਰਾਸ਼ਟਰੀ ਸ਼ੋਕ ਦਾ ਐਲਾਨ ਕੀਤਾ ਹੈ। ਵਿਨਾਸ਼ਕਾਰੀ ਭੁਚਾਲ ਤੋਂ ਬਾਅਦ ਰਾਜਾ ਮੁਹੰਮਦ ਅਸ਼ਟਮ ਨੇ ਸ਼ਸਤਰ ਬਲਾਂ ਨੂੰ ਵਿਸ਼ੇਸ਼ ਖੋਜ ਅਤੇ ਬਚਾਅ ਦਲ ਅਤੇ ਫੀਲਡ ਹਸਪਤਾਲ ਤਾਇਨਾਤ ਕਰਨ ਦਾ ਨਿਰਦੇਸ਼ ਦਿੱਤਾ।

ਯੂਕਰੇਨ 'ਤੇ ਸਹਿਮਤੀ ਬਣਾਉਣ 'ਚ ਲੱਗੇ 200 ਘੰਟੇ : ਅਮਿਤਾਭ ਕਾਂਤ

ਨਵੀਂ ਦਿੱਲੀ : ਭਾਰਤ ਦੇ ਜੀ-20 ਸ਼ੇਰਪਾ ਅਮਿਤਾਭ ਕਾਂਤ ਨੇ ਐਤਵਾਰ ਕਿਹਾ ਕਿ ਇੱਥੇ 'ਲੀਡਰ ਸਮਿਟ' 'ਚ ਅਪਨਾਏ ਗਏ 'ਜੀ-20 ਡਿਕਲੇਰੇਸ਼ਨ' (ਐਲਾਨਨਾਮੇ) 'ਤੇ ਆਮ ਸਹਿਮਤੀ ਬਣਾਉਣ ਲਈ ਭਾਰਤੀ ਰਾਜਨਾਇਕਾਂ ਦੇ ਇੱਕ ਦਲ ਨੇ 200 ਘੰਟੇ ਤੋਂ ਵੀ ਵੱਧ ਸਮੇਂ ਤੱਕ ਲਗਾਤਾਰ ਗੱਲਬਾਤ ਕੀਤੀ। ਸੰਯੁਕਤ ਸਕੱਤਰ ਈ ਗੰਭੀਰ ਅਤੇ ਕੇ ਨਾਗਾਰਾਜ ਨਾਇਡੂ ਸਮੇਤ ਰਾਜਨਾਇਕਾਂ ਦੇ ਇੱਕ ਦਲ ਨੇ 300 ਦੁਵੱਲੀਆਂ ਮੀਟਿੰਗਾਂ ਕੀਤੀਆਂ ਅਤੇ ਜੀ-20 ਲੀਡਰ ਸਮਿਟ ਦੇ ਪਹਿਲੇ ਦਿਨ ਹੀ ਸਰਬ ਸਹਿਮਤੀ ਬਣਾਉਣ ਲਈ ਵਿਵਾਦਪੂਰਨ ਯੂਕਰੇਨ ਯੁੱਧ ਸੰਘਰਸ਼ 'ਤੇ ਆਪਣੇ ਹਮਰੁਤਬਾ ਨੂੰ 15 ਡਰਾਫ਼ਟ ਵੰਡੇ। ਅਮਿਤਾਭ ਕਾਂਤ ਨੇ ਕਿਹਾ, 'ਪੂਰੇ ਜੀ-20 ਸਿਖਰ ਸੰਮੇਲਨ ਦਾ ਸਭ ਤੋਂ ਮੁਸ਼ਕਲ ਹਿੱਸਾ ਰੂਸ-ਯੂਕਰੇਨ 'ਤੇ ਆਮ ਸਹਿਮਤੀ ਬਣਾਉਣਾ ਸੀ। ਉਨ੍ਹਾ ਕਿਹਾ ਕਿ ਇਸ ਕੋਸ਼ਿਸ਼ 'ਚ ਨਾਇਡੂ ਅਤੇ ਗੰਭੀਰ ਨੇ ਉਨ੍ਹਾ ਦੀ ਬਹੁਤ ਮਦਦ ਕੀਤੀ। ਭਾਰਤ ਇਸ ਵਿਵਾਦਿਤ ਮੁੱਦੇ 'ਤੇ ਜੀ 20 ਦੇਸ਼ਾਂ ਵਿਚਾਲੇ ਬੇਮਿਸਾਲ ਸਹਿਮਤੀ ਬਣਾਉਣ 'ਚ ਕਾਮਯਾਬ ਰਿਹਾ ਅਤੇ ਉਭਰਦੀ ਹੋਈ ਅਰਥ ਵਿਵਸਥਾ, ਜਿਸ ਤਰ੍ਹਾਂ ਕਿ ਬ੍ਰਾਜ਼ੀਲ, ਦੱਖਣੀ ਅਫ਼ਰੀਕਾ ਅਤੇ ਇੰਡੋਨੇਸ਼ੀਆ ਨੇ ਇਸ 'ਚ ਵੱਡੀ ਭੂਮਿਕਾ ਨਿਭਾਈ।

ਬਾਰਾਮੂਲਾ 'ਚ ਮਿਲੀ ਜਵਾਨ ਦੀ ਲਾਸ਼

ਸ੍ਰੀਨਗਰ : ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ 'ਚ ਐਤਵਾਰ ਇੱਕ ਜਵਾਨ ਦੀ ਲਾਸ਼ ਮਿਲੀ। ਫੌਜ ਦੇ ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕ ਦਾ ਨਾਂਅ ਅਵਿਨਾਸ਼ ਕੁਮਾਰ ਹੈ। ਉਹ ਬਿਹਾਰ ਦਾ ਰਹਿਣ ਵਾਲਾ ਸੀ ਅਤੇ ਫੌਜ ਦੀ 618 ਈ ਐੱਮ ਈ ਇਨਫੈਂਟਰੀ ਡਵੀਜ਼ਨ 'ਚ ਸਿਪਾਹੀ ਸੀ। ਉਸ ਦੀ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਮੋਦੀ ਤੇ ਟਰੂਡੋ ਵੱਲੋਂ ਭਾਰਤ-ਕੈਨੇਡਾ ਰਿਸ਼ਤਿਆਂ ਬਾਰੇ ਚਰਚਾ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨੇ ਜੀ-20 ਸਿਖਰ ਸੰਮੇਲਨ ਤੋਂ ਇੱਕ ਪਾਸੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੁਲਾਕਾਤ ਕੀਤੀ। ਭਾਰਤ-ਕੈਨੇਡਾ ਸੰਬੰਧਾਂ 'ਤੇ ਟਰੂਡੋ ਨੇ ਕਿਹਾ,

11-Sep-PAGE-4.qxd 9/10/2023 3:26 PM Page 1

ਨਵਾਂ ਜ਼ਮਾਨਾ
ਸੋਮਵਾਰ, 11 ਸਤੰਬਰ 2023

ਹੁਣ ਈਸਾਈਆਂ ਦੀ ਵਾਰੀ

ਭਾਜਪਾ ਦੀ ਹਿੰਦੂਤਵੀ ਮੁਹਿੰਮ ਦਾ 2014 ਤੋਂ ਮੁੱਖ ਸ਼ਿਕਾਰ ਮੁਸਲਮਾਨ ਰਹੇ ਸਨ। ਪਿਛਲੇ ਸਾਢੇ 9 ਸਾਲਾਂ ਦੌਰਾਨ ਦੇਸ਼ ਭਰ ਵਿੱਚ ਅਜਿਹਾ ਮਾਹੌਲ ਬਣਾਇਆ ਗਿਆ ਕਿ ਆਖਰ ਮੁਸਲਮਾਨ ਅਬਾਦੀ ਨੇ 'ਦੜ ਵੱਟ, ਜ਼ਮਾਨਾ ਕੱਟ, ਭਲੇ ਦਿਨ ਆਵਣਗੇ' ਦੀ ਤਰਜ਼ ਉੱਤੇ ਘਰਾਂ ਅੰਦਰ ਵੜ ਕੇ ਦਿਨ ਕੱਟਣ ਨੂੰ ਹੀ ਤਰਜੀਹ ਦਿੱਤੀ। ਲਗਦਾ ਹੈ ਹੁਣ ਹਿੰਦੂਤਵੀਆਂ ਨੇ ਆਪਣੇ ਹਿੰਸਕ ਹਮਲਿਆਂ ਦਾ ਰੁਖ ਈਸਾਈਆਂ ਵੱਲ ਕਰ ਲਿਆ ਹੈ।

ਦਿੱਲੀ ਦੀ ਯੂਨਾਈਟਿਡ ਕ੍ਰਿਸਚੀਅਨ ਫੋਰਮ ਨਾਮੀ ਸੁਸਾਇਟੀ ਨੇ ਬੀਤੀ 7 ਸਤੰਬਰ ਨੂੰ ਆਪਣੀ ਇੱਕ ਰਿਪੋਰਟ ਪੇਸ਼ ਕਰਕੇ ਦੱਸਿਆ ਹੈ ਕਿ ਚਾਲੂ ਵਰ੍ਹੇ ਦੇ ਪਹਿਲੇ ਅੱਠ ਮਹੀਨਿਆਂ ਦੌਰਾਨ ਦੇਸ਼ ਭਰ ਵਿੱਚ ਈਸਾਈਆਂ ਉੱਤੇ 525 ਹਮਲੇ ਹੋਏ ਹਨ। ਜੇਕਰ ਇਹੋ ਵਰਤਾਰਾ ਰਿਹਾ ਤਾਂ ਇਹ ਵਰ੍ਹਾ ਪਿਛਲੇ ਸਾਰੇ ਰਿਕਾਰਡ ਤੋੜ ਦੇਵੇਗਾ। ਮਨੀਪੁਰ ਵਿੱਚ ਚਾਰ ਮਹੀਨਿਆਂ ਤੋਂ ਈਸਾਈਆਂ ਵਿਰੁੱਧ ਹੋ ਰਹੀ ਹਿੰਸਾ ਕਾਰਨ ਇਸ ਗਿਣਤੀ ਵਿੱਚ ਵੱਡਾ ਵਾਧਾ ਹੋ ਸਕਦਾ ਹੈ।

ਸੁਪਰੀਮ ਕੋਰਟ ਵਿੱਚ ਦਾਖ਼ਲ ਕੀਤੀ ਇੱਕ ਰਿੱਟ ਅਨੁਸਾਰ ਮਨੀਪੁਰ ਵਿੱਚ ਪਿਛਲੇ ਚਾਰ ਮਹੀਨਿਆਂ ਵਿੱਚ 642 ਚਰਚਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਜੂਨ ਵਿੱਚ ਇੰਫਾਲ ਦੇ ਆਰਕਬਿਸ਼ਪ ਨੇ ਕਿਹਾ ਸੀ ਕਿ ਸਿਰਫ਼ 36 ਘੰਟਿਆਂ ਵਿੱਚ 249 ਚਰਚ ਸਾੜ ਦਿੱਤੇ ਗਏ ਸਨ। 2011 ਦੀ ਜਨਗਣਨਾ ਮੁਤਾਬਕ ਭਾਰਤ ਵਿੱਚ ਈਸਾਈਆਂ ਦੀ ਅਬਾਦੀ 2.3 ਫੀਸਦੀ ਹੈ।

2012 ਤੋਂ 2022 ਤੱਕ 11 ਸਾਲਾਂ ਦੌਰਾਨ ਈਸਾਈਆਂ ਉੱਤੇ ਹਮਲਿਆਂ ਦੀਆਂ ਘਟਨਾਵਾਂ ਚਾਰ ਗੁਣਾ ਵਧ ਚੁੱਕੀਆਂ ਹਨ। ਪਹਿਲਾ ਵੱਡਾ ਵਾਧਾ 2016 ਵਿੱਚ ਹੋਇਆ, ਜਦੋਂ ਇਨ੍ਹਾਂ ਹਮਲਿਆਂ ਦੀਆਂ 247 ਘਟਨਾਵਾਂ ਦਰਜ ਕੀਤੀਆਂ ਗਈਆਂ ਸਨ। ਅਗਲੇ ਹਰ ਸਾਲ ਇਨ੍ਹਾਂ ਵਿੱਚ ਵਾਧਾ ਹੁੰਦਾ ਰਿਹਾ ਤੇ 2021 ਵਿੱਚ ਹਿੰਸਕ ਘਟਨਾਵਾਂ ਦੀ ਗਿਣਤੀ 505 ਉੱਤੇ ਪਹੁੰਚ ਗਈ ਤੇ 2022 ਵਿੱਚ 599 ਹੋ ਗਈ ਸੀ।

ਸੂਬਿਆਂ ਦੀ ਗੱਲ ਕਰੀਏ ਤਾਂ ਈਸਾਈਆਂ ਉੱਤੇ ਸਭ ਤੋਂ ਵੱਧ ਹਮਲੇ ਉੱਤਰ ਪ੍ਰਦੇਸ਼ ਵਿੱਚ ਯੋਗੀ ਆਦਿੱਤਿਆਨਾਥ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਹੋਏ ਹਨ। 2014 ਵਿੱਚ 18 ਹਮਲਿਆਂ ਤੋਂ ਵਧ ਕੇ 2017 ਵਿੱਚ ਇਹ 50 ਤੇ 2018 ਵਿੱਚ 132 ਤੱਕ ਪੁੱਜ ਗਏ ਸਨ। 'ਹਿਊਮਨ ਰਾਈਟਸ ਵਾਚ' ਦੀ ਏਸ਼ੀਆ ਡਵੀਜ਼ਨ ਦੀ ਉਪ ਨਿਰਦੇਸ਼ਕ ਮੀਨਾਕਸ਼ੀ ਗਾਂਗੁਲੀ ਦਾ ਕਹਿਣਾ ਹੈ ਕਿ ਰਾਜਸੀ ਆਗੂਆਂ ਦੇ ਨਫ਼ਰਤ ਭਰੇ ਭਾਸ਼ਣਾਂ ਤੋਂ ਪ੍ਰੇਰਨਾ ਲੈ ਕੇ ਹਿੰਸਕ ਭੀੜਾਂ ਹਮਲੇ ਕਰਦੀਆਂ ਹਨ।

ਈਸਾਈਆਂ ਉੱਪਰ ਹਮਲਿਆਂ ਦੇ ਅੰਕੜੇ ਇਕੱਠੇ ਕਰਨ ਵਾਲੀ ਇੱਕ ਹੋਰ ਸੰਸਥਾ ਈ ਐਫ ਆਈ ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਹੈ ਕਿ ਕਈ ਘਟਨਾਵਾਂ ਵਿੱਚ ਪੁਲਸ ਰਿਪੋਰਟ ਹੀ ਦਰਜ ਨਹੀਂ ਕਰਦੀ। ਕ੍ਰਿਸਚੀਅਨ ਫੋਰਮ ਦੇ ਕੌਮੀ ਕਨਵੀਨਰ ਏ ਸੀ ਮਾਈਕਲ ਨੇ ਕਿਹਾ ਕਿ ਬਹੁਤ ਵਾਰੀ ਪੁਲਸ ਪੀੜਤਾਂ ਉੱਤੇ ਹੀ ਕੇਸ ਦਰਜ ਕਰ ਲੈਂਦੀ ਹੈ ਤੇ ਦੋਸ਼ੀਆਂ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ ਹੈ। ਭਾਜਪਾ ਸ਼ਾਸਤ ਰਾਜਾਂ ਵਿੱਚ ਧਰਮ ਤਬਦੀਲੀ ਵਿਰੁੱਧ ਪਾਸ ਕੀਤੇ ਕਾਨੂੰਨਾਂ ਕਾਰਨ ਇੰਜ ਹੁੰਦਾ ਹੈ। ਮਾਈਕਲ ਨੇ ਕਿਹਾ ਕਿ ਇਸ ਸਾਲ 520 ਈਸਾਈ ਪਾਦਰੀਆਂ ਤੇ ਹੋਰਨਾਂ ਨੂੰ ਝੂਠੇ ਕੇਸਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦੋਂ ਕਿ ਕੋਈ ਵੀ ਸ਼ਿਕਾਇਤਕਰਤਾ ਇਹ ਨਹੀਂ ਕਹਿ ਰਿਹਾ ਕਿ ਮੇਰਾ ਜਬਰਨ ਧਰਮ ਤਬਦੀਲ ਕੀਤਾ ਗਿਆ ਹੈ। ਅਸਲ ਵਿੱਚ ਹਿੰਦੂਤਵੀ ਤਾਕਤਾਂ ਈਸਾਈਆਂ ਨੂੰ ਵੀ ਮੁਸਲਮਾਨਾਂ ਵਾਂਗ ਹੀ ਦਹਿਸ਼ਤਜ਼ਦਾ ਕਰਕੇ ਮੁੱਖ ਧਾਰਾ ਤੋਂ ਵੱਖ ਕਰ ਦੇਣਾ ਚਾਹੁੰਦੀਆਂ ਹਨ।

ਮਨੀਪੁਰ ਦੇ ਰਿਲੀਫ ਕੈਂਪਾਂ 'ਚ ਸਿਹਤ ਦੇ ਮਸਲਿਆਂ ਨਾਲ ਜੂਝ ਰਹੇ ਹਨ ਲੋਕ

ਮਨੀਪੁਰ ਦੇਸ਼ ਦੇ ਉੱਤਰ ਪੂਰਬੀ ਹਿੱਸੇ ਵਿੱਚ ਸਥਿਤ ਇੱਕ ਸੀਮਾਂਤਰ ਸੂਬਾ ਹੈ, ਜਿਸ ਦੀ ਕਿ ਅਜ਼ਾਦੀ ਦੇ ਸੰਘਰਸ਼ ਵਿਚ ਬਹੁਤ ਵੱਡੀ ਭੂਮਿਕਾ ਰਹੀ ਹੈ। ਇੱਥੋਂ ਦੇ ਲੋਕਾਂ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਆਜ਼ਾਦੀ ਦਾ ਸੰਘਰਸ਼ ਕੀਤਾ, ਪਰ ਅੱਜ ਸੂਬਾ ਘੋਰ ਸੰਕਟ ਵਿੱਚ ਹੈ।

ਮਨੀਪੁਰ ਵਿਚ ਕੇਂਦਰ ਤੇ ਸੂਬਾਈ ਸਰਕਾਰ ਦੀ ਅਸੰਵੇਦਨਸ਼ੀਲਤਾ ਤਾਂ ਸ਼ੁਰੂ ਤੋਂ ਹੀ ਦਿਖਾਈ ਦੇ ਰਹੀ ਸੀ, ਪਰ ਇਸਤਰੀਆਂ ਨੂੰ ਨਿਰਵਸਤਰ ਕਰਕੇ ਛੇੜਖਾਨੀ ਕਰਨ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਵੀ ਪ੍ਰਧਾਨ ਮੰਤਰੀ ਦੀ ਲੰਮੀ ਚੁੱਪੀ ਨੇ ਇਸ ਗੱਲ ਨੂੰ ਹੋਰ ਸਾਫ ਕਰ ਦਿੱਤਾ। ਇਸ ਕਰਕੇ ਹਾਲਾਤ ਹੋਰ ਖਰਾਬ ਹੁੰਦੇ ਗਏ ਅਤੇ ਹਿੰਸਾ ਲਗਾਤਾਰ ਵਧਦੀ ਗਈ।

ਅਜਿਹੀਆਂ ਸਥਿਤੀਆਂ ਵਿੱਚ ਲੋਕਾਂ ਦੀ ਸਿਹਤ ਉਪਰ ਬਹੁਤ ਮਾੜਾ ਅਸਰ ਪੈਂਦਾ ਹੈ। ਲੋਕ ਜਾਨਾਂ ਵੀ ਗਵਾ ਬੈਠਦੇ ਹਨ, ਘਾਇਲ ਵੀ ਹੋ ਜਾਂਦੇ ਹਨ ਅਤੇ ਮਾਨਸਿਕ ਤਣਾਅ ਦਾ ਸ਼ਿਕਾਰ ਵੀ ਹੁੰਦੇ ਹਨ। ਇਸ ਲਈ ਇੰਡੀਅਨ ਡਾਕਟਰ ਫੋਰਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ) ਦੀ ਇੱਕ ਟੀਮ ਨੇ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਮਨੀਪੁਰ ਦਾ ਦੌਰਾ ਕੀਤਾ।

1 ਅਤੇ 2 ਸਤੰਬਰ 2023 ਨੂੰ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.) ਦੀ ਇੱਕ ਟੀਮ ਜਿਸ ਵਿੱਚ ਪ੍ਰਧਾਨ ਡਾ: ਅਰੁਣ ਮਿੱਤਰਾ, ਜਨਰਲ ਸਕੱਤਰ ਡਾ: ਸਕੀਲ ਉਰ ਰਹਿਮਾਨ, ਸੀਨੀਅਰ ਮੀਤ ਪ੍ਰਧਾਨ ਡਾ: ਰਵਿੰਦਰਾਨਾਥ, ਸਕੱਤਰ ਡਾ. ਸ਼ਾਂਤੀ ਅਤੇ ਉਪ ਪ੍ਰਧਾਨ ਡਾ. ਰਜਨੀ ਸ਼ਾਮਲ ਸਨ , ਨੇ ਘਾਟੀ ਅਤੇ ਮਨੀਪੁਰ ਦੀਆਂ ਪਹਾੜੀਆਂ ਵਿੱਚ ਮੈਤੋਈ ਅਤੇ ਕੁੱਕੀ ਦੋਨਾਂ ਖੇਤਰਾਂ ਵਿੱਚ ਰਾਹਤ ਕੈਂਪਾਂ ਦਾ ਦੌਰਾ ਕੀਤਾ। ਟੀਮ ਦੇ ਮੈਂਬਰ ਪੰਜਾਬ, ਬਿਹਾਰ, ਤਾਮਿਲਨਾਡੂ ਅਤੇ ਤੇਲੰਗਾਨਾ ਤੋਂ ਰਾਹਤ ਕੈਂਪਾਂ ਵਿੱਚ ਸਿਹਤ ਸਥਿਤੀ ਦਾ ਜਾਇਜ਼ਾ ਲੈਣ ਲਈ ਗਏ ਸਨ, ਕਿਉਂਕਿ ਹਾਲਾਤ ਕਾਫੀ ਗੁੰਝਲਦਾਰ ਹਨ ਅਤੇ ਇੰਫਾਲ ਵਿਚ ਬੰਦ ਚੱਲ ਰਿਹਾ ਸੀ, ਬਹੁਤ ਜ਼ਿਆਦਾ ਕੈਂਪਾਂ ਵਿੱਚ ਜਾਣਾ ਸੰਭਵ ਨਹੀਂ ਸੀ।

ਟੀਮ ਨੇ ਇੰਫਾਲ ਜ਼ਿਲ੍ਹੇ ਦੇ ਖੁਮਾਨਲਾਨਪਾਕ ਸਪੋਰਟਸ ਹੋਸਟਲ ਦੇ ਰਾਹਤ ਕੈਂਪਾਂ ਅਤੇ ਪਹਾੜੀ ਖੇਤਰਾਂ ਵਿੱਚ ਕਾਂਗਪੋਕਪੀ ਜ਼ਿਲ੍ਹੇ ਵਿੱਚ ਸਪੋਰਮੀਨਾ ਪੀ ਐੱਚ ਸੀ ਦੇ ਅਧੀਨ ਆਈ ਆਈ ਟੀ ਰਾਹਤ ਕੈਂਪਾਂ ਦਾ ਦੌਰਾ ਕੀਤਾ। ਇਸ ਸਮੇਂ ਮਨੀਪੁਰ ਵਿੱਚ 334 ਰਾਹਤ ਕੈਂਪ ਹਨ, ਜਿਨ੍ਹਾਂ ਵਿੱਚ 60 ਹਜ਼ਾਰ ਤੋਂ ਵੱਧ ਵਸਨੀਕ ਰਹਿ ਰਹੇ ਹਨ। ਡਾਕਟਰਾਂ ਦੀ ਟੀਮ ਨੇ ਰਾਹਤ ਕੈਂਪਾਂ ਦੇ ਵਸਨੀਕਾਂ ਅਤੇ ਨੋਡਲ ਅਫਸਰਾਂ, ਸਿਹਤ ਵਿਭਾਗ ਦੇ ਅਧਿਕਾਰੀਆਂ, ਸਮਾਜ ਸੇਵੀ ਸੰਸਥਾਵਾਂ ਦੇ ਕਾਰਕੁਨਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ।

ਕੈਂਪਾਂ ਦਾ ਦੌਰਾ ਕਰਨ 'ਤੇ ਇਹ ਪਾਇਆ ਕਿ ਪਹਾੜੀ ਖੇਤਰਾਂ ਵਿੱਚ ਰਾਹਤ ਕੈਂਪਾਂ ਵਿੱਚ ਗੰਭੀਰ ਰੂਪ ਵਿੱਚ ਬਿਮਾਰ ਮਰੀਜ਼ਾਂ ਲਈ ਰੈਫਰਲ ਪ੍ਰਣਾਲੀ ਤਸੱਲੀਬਖਸ਼ ਨਹੀਂ ਹੈ। ਮਨੀਪੁਰ ਦੀਆਂ ਪਹਾੜੀਆਂ ਵਿੱਚ ਵਿਸਥਾਪਤ ਲੋਕਾਂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਨੂੰ ਹਲਕੇ ਬਿਮਾਰ ਮਰੀਜ਼ਾਂ ਦੇ ਲਈ ਡਾਕਟਰੀ ਸਹਾਇਤਾ ਲੈਣ ਲਈ ਨਾਗਾਲੈਂਡ ਦੇ ਕੋਹਿਮਾ ਜਾਂ ਦੀਮਾਪੁਰ ਤੱਕ 150 ਕਿਲੋਮੀਟਰ ਦਾ ਸਫਰ ਤੈਅ ਕਰਨਾ ਪੈਂਦਾ ਹੈ। ਉਨ੍ਹਾਂ ਵਿੱਚੋਂ ਕੁਝ ਆਪਣੀਆਂ ਡਾਕਟਰੀ ਜ਼ਰੂਰਤਾਂ ਲਈ ਅਸਾਮ ਦੇ ਗੁਹਾਟੀ ਵੀ ਜਾਂਦੇ ਹਨ, ਜੋ ਕਿ 440 ਕਿਲੋਮੀਟਰ ਦੂਰ ਹੈ। ਹਿੰਸਾ ਦੇ ਹਾਲਾਤ ਤੋਂ ਪਹਿਲਾਂ ਉਨ੍ਹਾਂ ਨੂੰ ਬਿਹਤਰ ਇਲਾਜ ਲਈ ਇੰਫਾਲ ਦੇ ਮੈਡੀਕਲ ਕਾਲਜਾਂ ਵਿਚ ਰੈਫਰ ਕੀਤਾ ਜਾਂਦਾ ਸੀ। ਹੁਣ ਮਨੀਪੁਰ ਵਿੱਚ ਚੱਲ ਰਹੇ ਨਸਲੀ ਟਕਰਾਅ ਕਾਰਨ ਨਾਗਰਿਕਾਂ ਦਾ ਪਹਾੜਾਂ ਤੋਂ ਘਾਟੀ ਵੱਲ ਅਤੇ ਘਾਟੀ ਤੋਂ ਪਹਾੜਾਂ ਵੱਲ ਜਾਣਾ ਅਸੰਭਵ ਹੈ।

ਡਾ. ਅਰੁਣ ਮਿੱਤਰਾ

ਕਾਂਗਪੋਕਪੀ ਜ਼ਿਲ੍ਹਾ ਹਸਪਤਾਲ ਵਿੱਚ ਵਰਤਮਾਨ ਵਿੱਚ ਨਾ ਤਾਂ ਕੋਈ ਅਪਰੇਸ਼ਨ ਥੀਏਟਰ ਹੈ ਅਤੇ ਨਾ ਹੀ ਖੂਨ ਸਟੋਰ ਕਰਨ ਦੀ ਸਹੂਲਤ ਹੈ। ਮਨੀਪੁਰ ਰਾਜ ਵੀ ਮਾਹਿਰਾਂ ਅਤੇ ਹੋਰ ਡਾਕਟਰਾਂ ਅਤੇ ਸਿਹਤ

ਕਰਮਚਾਰੀਆਂ ਦੀ ਭਾਰੀ ਘਾਟ ਦਾ ਸਾਹਮਣਾ ਕਰ ਰਿਹਾ ਹੈ। ਜ਼ਿਆਦਾਤਰ ਮਾਹਰ ਡਾਕਟਰ ਅਤੇ ਰਾਜ ਦੇ ਸਾਰੇ ਮੈਡੀਕਲ ਕਾਲਜ ਹਸਪਤਾਲ ਇੰਫਾਲ ਜ਼ਿਲ੍ਹੇ (3 ਮੈਡੀਕਲ ਕਾਲਜ) ਅਤੇ ਚੂਰਾਚੰਦਰਪੁਰ ਜ਼ਿਲ੍ਹੇ (1 ਮੈਡੀਕਲ ਕਾਲਜ) ਵਿੱਚ ਸਥਿਤ ਹਨ।

ਟੀਮ ਨੇ ਨੋਟਿਸ ਲਿਆ ਕਿ ਦੌਰਾ ਕੀਤੇ ਰਾਹਤ ਕੈਂਪਾਂ ਵਿੱਚ ਘਾਟੀ ਜਾਂ ਪਹਾੜੀ ਖੇਤਰ ਦੋਨਾਂ ਵਿੱਚ ਖਸਰੇ ਵਿਰੁੱਧ ਕੋਈ ਟੀਕਾਕਰਨ ਮੁਹਿੰਮ ਨਹੀਂ ਚਲਾਈ ਗਈ ਸੀ। ਯੂ.ਐੱਨ.ਐੱਚ.ਆਰ.ਸੀ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰਾਹਤ ਕੈਂਪਾਂ ਲਈ ਵਿਟਾਮਿਨ ਏ ਓਰਲ ਸਸਪੈਂਸਨ ਦੇ ਨਾਲ 9 ਮਹੀਨਿਆਂ ਤੋਂ ਵੱਧ ਉਮਰ ਦੇ ਬੱਚਿਆਂ ਵਿੱਚ ਖਸਰਾ ਟੀਕਾਕਰਨ ਮੁਹਿੰਮ ਲਾਜ਼ਮੀ ਹੈ। ਘਾਟੀ ਵਿੱਚ ਇੱਕ ਰਾਹਤ ਕੈਂਪ ਵਿੱਚ ਰਹਿ ਰਹੇ ਲੋਕਾਂ ਅਤੇ ਨੋਡਲ ਅਫਸਰ ਨੇ ਦੱਸਿਆ ਕਿ ਸਰਕਾਰ ਵੱਲੋਂ ਰਾਸ਼ਨ ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ/ਅੰਡੇ/ਮੀਟ/ਮੱਛੀ ਦੀ ਸਪਲਾਈ ਕਦੇ ਵੀ ਨਹੀਂ ਕੀਤੀ ਗਈ। ਸਥਾਨਕ ਭਾਈਚਾਰੇ, ਸਿਵਲ ਸੁਸਾਇਟੀ ਸੰਸਥਾਵਾਂ ਅਤੇ ਵਿਅਕਤੀ ਕਈ ਵਾਰ ਕੁਝ ਸਬਜ਼ੀਆਂ ਪ੍ਰਦਾਨ ਕਰਦੇ ਹਨ। ਪਹਾੜੀਆਂ ਵਿੱਚ ਇੱਕ ਰਾਹਤ ਕੈਂਪ ਦੇ ਇੱਕ ਹੋਰ ਨੋਡਲ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਹਰ 13 ਦਿਨਾਂ ਵਿੱਚ ਇੱਕ ਵਾਰ ਪ੍ਰਤੀ ਵਿਅਕਤੀ ਇੱਕ ਆਂਡਾ ਮਿਲਦਾ ਹੈ, ਪਰ ਹਰੀਆਂ ਸਬਜੀਆਂ ਨਹੀਂ ਦਿੱਤੀਆਂ ਜਾਂਦੀਆਂ ਹਨ। ਚੌਲ, ਦਾਲਾਂ, ਆਲੂ ਅਤੇ ਰਸੋਈ ਦਾ ਤੇਲ ਆਮ ਤੌਰ 'ਤੇ ਰਾਹਤ ਕੈਂਪਾਂ ਵਿੱਚ ਰਾਸ਼ਨ ਦੀ ਸਪਲਾਈ ਦਾ ਵੱਡਾ ਹਿੱਸਾ ਬਣਾਉਂਦੇ ਹਨ। ਪਿਛਲੇ ਚਾਰ ਮਹੀਨਿਆਂ ਦੌਰਾਨ ਬੱਚਿਆਂ ਦੀ ਖੁਰਾਕ ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਜਾਨਵਰਾਂ ਦੇ ਪ੍ਰੋਟੀਨ ਦੀ ਕਮੀ ਨਾਲ ਰਾਤ ਦਾ ਅੰਨ੍ਹਾਪਣ ਹੋ ਸਕਦਾ ਹੈ, ਜੋ ਵਿਟਾਮਿਨ ਏ ਦੀ ਕਮੀ ਕਾਰਨ ਹੁੰਦਾ ਹੈ।

ਟੀਮ ਜਿਨ੍ਹਾਂ ਰਾਹਤ ਕੈਂਪਾਂ ਦਾ ਦੌਰਾ ਕੀਤਾ ਗਿਆ ਹੈ, ਉਨ੍ਹਾਂ ਵਿੱਚ ਬਹੁਤ ਜ਼ਿਆਦਾ ਭੀੜ ਹੈ, ਪੀਣਯੋਗ ਪਾਣੀ ਅਤੇ ਨਹਾਉਣ/ ਧੋਣ/ ਪਖਾਨੇ ਲਈ ਪਾਣੀ ਦੀ ਉਪਲੱਬਧਤਾ ਲੋੜੀਂਦੀ ਮਾਤਰਾ ਵਿੱਚ ਨਹੀਂ ਹੈ। ਸਫਾਈ ਵਿੱਚ ਕਈ ਗੁਣਾ ਸੁਧਾਰ ਕਰਨ ਦੀ ਲੋੜ ਹੈ। ਰਾਹਤ ਕੈਂਪਾਂ ਵਿੱਚ ਮਾਹਵਾਰੀ ਦੀ ਚੰਗੀ ਸਫਾਈ ਬਣਾਈ ਰੱਖਣ ਲਈ ਸੈਨੇਟਰੀ ਨੈਪਕਿਨ ਦੀ ਸਪਲਾਈ ਨਾਕਾਫੀ ਹੈ। ਰਾਹਤ ਕੈਂਪਾਂ ਦੇ ਅੰਦਰ ਅਤੇ ਆਲੇ-ਦੁਆਲੇ ਮੱਛਰ ਕੰਟਰੋਲ ਲਈ ਫੋਗਿੰਗ ਨਹੀਂ ਕਰਵਾਈ ਗਈ ਹੈ।

ਲੋਕਾਂ ਨੇ ਦੱਸਿਆ ਕਿ ਉਹ ਪਿਛਲੇ 4 ਮਹੀਨਿਆਂ ਤੋਂ ਰਾਹਤ ਕੈਂਪਾਂ ਵਿੱਚ ਰਹਿ ਕੇ ਬਹੁਤ ਮਾਨਸਿਕ ਤਣਾਅ ਦਾ ਸਾਹਮਣਾ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਹ ਕਦੋਂ ਆਪਣੇ ਘਰ ਵਾਪਸ ਜਾਣਗੇ ਜਾਂ ਕਦੇ ਵਾਪਸ ਆਪਣੇ ਘਰ ਜਾਣਗੇ ਵੀ? ਕੁਝ ਬੱਚੇ ਸੁਪਨਿਆਂ ਵਿੱਚ ਡਰ ਮਹਿਸੂਸ ਕਰਦੇ ਹਨ। ਬੱਚੇ ਆਪਣੇ ਸਕੂਲ ਅਤੇ ਦੋਸਤਾਂ ਨੂੰ ਗੁਆ ਰਹੇ ਹਨ। ਇਹ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਵਧਾ ਰਿਹਾ ਹੈ। ਇਹ ਇੱਕ ਗੰਭੀਰ ਮਾਨਸਿਕ ਬਿਮਾਰੀ ਪੋਸਟ -ਟਰੌਮੈਟਿਕ ਤਣਾਅ ਵਿਕਾਰ ਦੇ ਲੱਛਣ ਹਨ।

ਅਸੀਂ ਰਾਹਤ ਕੈਂਪਾਂ ਵਿੱਚ ਗੈਰ-ਸੰਚਾਰੀ ਬਿਮਾਰੀਆਂ ਜਿਵੇਂ ਕਿ ਸੂਗਰ, ਹਾਈ ਬਲੱਡ ਪ੍ਰੈਸ਼ਰ, ਗੰਭੀਰ ਗੁਰਦੇ ਦੀ ਬਿਮਾਰੀ ਆਦਿ ਵਾਲੇ ਮਰੀਜ਼ ਪਾਏ। ਪਹਾੜਾਂ ਵਿੱਚ ਕੁਝ ਮਰੀਜ਼ਾਂ ਨੂੰ ਹੀਮੋਡਾਇਆਲਾਸਿਸ ਦੀ ਲੋੜ ਹੁੰਦੀ ਹੈ।

ਇਹਨਾਂ ਨਿਰੀਖਣਾਂ ਦੇ ਅਧਾਰ 'ਤੇ ਅਸੀਂ ਆਉਣ ਵਾਲੇ ਸਮੇਂ ਲਈ ਸਮਝਦੇ ਹਾਂ ਕਿ ਸਰਕਾਰਾਂ ਨੂੰ ਵਧੇਰੇ ਸੰਵੇਦਨਸ਼ੀਲ ਹੋਣਾ ਪਏਗਾ।

ਮਨੀਪੁਰ ਰਾਜ ਅਤੇ ਗੁਆਂਢੀ ਰਾਜਾਂ ਵਿੱਚ, ਪ੍ਰਾਇਮਰੀ ਹੈਲਥ ਸੈਂਟਰਾਂ ਤੋਂ ਉੱਚ ਰਾਹਤ ਕੇਂਦਰਾਂ ਤੱਕ ਇੱਕ ਮਜ਼ਬੂਤ ਰੈਫਰਲ ਸਿਸਟਮ ਜਲਦੀ ਤੋਂ ਜਲਦੀ ਸਥਾਪਤ ਕੀਤਾ ਜਾਣਾ ਚਾਹੀਦਾ ਹੈ।

ਜ਼ਿਲ੍ਹਾ ਅਤੇ ਉਪ-ਜ਼ਿਲ੍ਹਾ ਪੱਧਰ 'ਤੇ ਬਣੇ -ਬਣਾਏ ਅਪਰੇਸ਼ਨ ਥੀਏਟਰਾਂ ਨੂੰ ਤੁਰੰਤ ਚਾਲੂ ਕੀਤਾ ਜਾਣਾ ਚਾਹੀਦਾ ਹੈ। ਕਲੱਸਟਰਾਂ ਦੇ ਗਠਨ ਤੋਂ ਬਾਅਦ ਰਾਹਤ ਕੈਂਪਾਂ ਦੇ ਆਲੇ-ਦੁਆਲੇ ਖੂਨ ਭੰਡਾਰਨ ਯੂਨਿਟ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ।

ਰਾਹਤ ਕੈਂਪਾਂ ਦੇ ਆਲੇ ਦੁਆਲੇ ਦੀਆਂ ਸਾਰੀਆਂ ਸਿਹਤ ਸਹੂਲਤਾਂ ਵਿੱਚ ਇੰਟਰਨੈੱਟ ਸੇਵਾਵਾਂ ਨੂੰ ਬਹਾਲ ਕੀਤਾ ਜਾਵੇ ਤਾਂ ਜੋ ਰਾਹਤ ਕੈਂਪਾਂ ਦੇ ਨਿਵਾਸੀ ਨਜ਼ਦੀਕੀ ਸਿਹਤ ਸੁਵਿਧਾ ਕੇਂਦਰ ਵਿੱਚ ਟੈਲੀ-ਮੈਡੀਸਨ ਸੇਵਾਵਾਂ ਪ੍ਰਾਪਤ ਕਰ ਸਕਣ। ਇਹਨਾਂ ਟੈਲੀ-ਮੈਡੀਸਨ ਸਹੂਲਤਾਂ ਦੀ ਵਰਤੋਂ ਪੈਰੀਟੋਨੀਅਲ ਡਾਇਲਸਿਸ (ਕਿਡਨੀ ਫੇਲ੍ਹ ਹੋਣ ਵਾਲੇ ਮਰੀਜ਼ਾਂ ਲਈ) ਅਤੇ ਬੱਚਿਆਂ ਵਿੱਚ ਸਾਹ ਦੀ ਤਕਲੀਫ ਦੇ ਸਿੰਡਰੋਮ ਦੇ ਮਾਮਲੇ ਵਿੱਚ ਐਂਬੂ ਬੈਗ ਦੀ ਵਰਤੋਂ, ਨਵਜੰਮੇ ਬੱਚਿਆਂ ਨੂੰ ਆਪਣੇ ਬੱਚਿਆਂ ਨੂੰ ਦੁੱਧ ਚੁੰਘਾਉਣ ਬਾਰੇ ਮਾਵਾਂ ਦੀ ਸਲਾਹ ਵਰਗੀਆਂ ਗੱਲਾਂ ਬਾਰੇ ਸਲਾਹ ਲੈਣ ਲਈ ਲਾਭਕਾਰੀ ਹੈ।

ਇੰਟਰਨੈੱਟ ਦੀ ਸਹੂਲਤ ਹੋਰ ਹੁਨਰਾਂ ਵਿੱਚ ਮੁਢਲੇ ਡਾਕਟਰਾਂ ਦੀ ਸਿ

11-SEP-PAGE-5.qxd 9/10/2023 8:27 PM Page 1

ਭਗਤ ਸਿੰਘ ਦੀ ਵਿਚਾਰਧਾਰਾ ਹੀ ਸਿੱਖਿਆ ਤੇ ਰੁਜ਼ਗਾਰ ਪ੍ਰਾਪਤੀ ਦਾ ਰਾਹ-ਦਸੇਰਾ : ਢਾਬਾਂ, ਛਾਂਗਾਰਾਏ

- ਜਨਤਕ ਸਿੱਖਿਆ ਨੀਤੀ ਹੀ ਆਮ ਲੋਕਾਂ ਨੂੰ ਸਿੱਖਿਅਤ ਕਰਨ ਦੀ ਗਰੰਟੀ : ਵਲਟੋਹਾ
- ਰੁਜ਼ਗਾਰ ਪ੍ਰਾਪਤੀ ਮੁਹਿੰਮ ਵੱਲੋਂ 'ਬਨੇਗਾ ਤੇ ਕੌਮੀ ਸਿੱਖਿਆ ਨੀਤੀ ਦੇ ਪ੍ਰਭਾਵ' ਵਿਸ਼ੇ 'ਤੇ ਸੈਮੀਨਾਰ

ਗੁਰੂ ਹਰਸਹਾਏ (ਜੀਤ ਕੁਮਾਰ)-ਸਥਾਨਕ ਗੁਰੂ ਸ਼ਿਵ ਸ਼ਾਮ ਕਮਿਊਨਿਟੀ ਹਾਲ ਵਿਖੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਤੇ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਰੁਜ਼ਗਾਰ ਪ੍ਰਾਪਤੀ ਮੁਹਿੰਮ ਤਹਿਤ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ 'ਭਗਤ ਸਿੰਘ ਦੀ ਵਿਚਾਰਧਾਰਾ, ਕੌਮੀ ਸਿੱਖਿਆ ਨੀਤੀ ਦੇ ਪ੍ਰਭਾਵ ਤੇ ਰੁਜ਼ਗਾਰ ਪ੍ਰਾਪਤੀ ਲਈ ਬਨੇਗਾ ਦੀ ਪ੍ਰਸੰਗਿਕਤਾ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਇਲਾਕੇ ਭਰ ਦੇ ਵੱਖ ਵੱਖ ਵਿੱਦਿਅਕ ਅਦਾਰਿਆਂ ਵਿੱਚੋਂ ਵਿਦਿਆਰਥੀਆਂ, ਅਧਿਆਪਕਾਂ, ਪੰਚ, ਸਰਪੰਚਾਂ ਤੇ ਸਮਾਜਕ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਸੈਮੀਨਰ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਅਮਨਦੀਪ ਗਟੀ ਮੱਤੜ ਤੇ ਨਿਸ਼ਾ ਰਾਣੀ ਗਜਨੀ ਵਾਲਾ ਨੇ ਕੀਤੀ।

ਇਸ ਮੌਕੇ ਸੈਮੀਨਾਰ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਸੂਬਾ ਸਕੱਤਰ ਤੇ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਸਰਪ੍ਰਸਤ ਸਾਥੀ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਕੌਮੀ ਸਿੱਖਿਆ ਨੀਤੀ, ਜਿਸ ਨੂੰ ਨਵੀਂ ਸਿੱਖਿਆ ਨੀਤੀ ਕਹਿ ਕੇ ਵੀ ਪ੍ਰਚਾਰਿਆ ਜਾ ਰਿਹਾ ਹੈ, ਵਿੱਚ ਕੁਝ ਵੀ ਨਵਾਂ ਨਹੀਂ ਬਲਕਿ ਆਮ ਲੋਕਾਂ ਤੋਂ ਸਿੱਖਿਆ ਖੋਹਣ ਦੀ ਯੋਜਨਾ ਹੈ। ਇਸ ਨੀਤੀ ਰਾਹੀਂ ਸਰਕਾਰ ਆਮ ਲੋਕਾਂ ਤੋਂ ਵਿਗਿਆਨਕ ਤੇ ਧਰਮ ਨਿਰਪੱਖ ਸਿੱਖਿਆ ਖੋਹਣਾ ਚਾਹੁੰਦੀ ਹੈ ਤਾਂ ਕਿ ਸਰਕਾਰ ਤੇ ਕਾਰਪਰੇਟ ਜਗਤ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਵਾਲਾ ਕੋਈ ਵਿਦਵਾਨ ਜਾਂ ਇਨਕਲਾਬੀ ਨਾ ਪੈਦਾ ਹੋ ਸਕੇ। ਉਨ੍ਹਾ ਕਿਹਾ ਕਿ ਕੌਮੀ ਸਿੱਖਿਆ ਨੀਤੀ ਦੀ ਬਜਾਏ ਜਨਤਕ ਸਿੱਖਿਆ ਨੀਤੀ ਹੀ ਆਮ ਲੋਕਾਂ ਨੂੰ ਮੁਫਤ ਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਨ ਦੀ ਗਰੰਟੀ ਹੈ, ਜਿਸ ਨਾਲ ਹਰ ਆਮ ਵਿਅਕਤੀ ਨੂੰ ਮੁਫਤ ਤੇ ਲਾਜ਼ਮੀ ਸਿੱਖਿਆ ਪ੍ਰਾਪਤ ਕਰਨ ਦਾ ਕਾਨੂੰਨਨ ਹੱਕ ਹੋਣਾ ਚਾਹੀਦਾ ਹੈ। ਮੁੱਖ ਬੁਲਾਰੇ ਨੇ ਸੱਦਾ ਦਿੰਦਿਆਂ ਕਿਹਾ ਕਿ ਆਮ ਲੋਕਾਂ ਲਈ ਮੌਜਦਾ ਸਿੱਖਿਆ ਪ੍ਰਬੰਧ ਨੂੰ ਬਚਾਉਣ ਲਈ ਸਾਨੂੰ ਮਿਲ ਕੇ ਹੰਭਲਾ ਮਾਰਨਾ ਚਾਹੀਦਾ ਤੇ ਦੇਸ਼ ਵਿੱਚ ਜਨਤਕ ਸਿੱਖਿਆ ਪ੍ਰਣਾਲੀ ਨੂੰ ਪ੍ਰਫੁਲਤ ਕਰਨ ਲਈ ਲਾਮਬੰਦੀ ਕਰਨੀ ਚਾਹੀਦੀ ਹੈ। ਇਸ ਮੌਕੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂ ਵਾਲਾ ਨੇ ਕਿਹਾ ਕਿ ਕੌਮੀ ਸਿੱਖਿਆ ਨੀਤੀ, ਜਿੱਥੇ ਸਿੱਖਿਆ ਦਾ ਘਾਣ ਕਰ ਰਹੀ ਹੈ, ਉਥੇ ਇਹ ਰੁਜ਼ਗਾਰ ਵਿਹੂਣੀ ਹੈ। ਇਸ ਨੀਤੀ ਅਨੁਸਾਰ ਦਿੱਤੀ ਜਾ ਰਹੀ ਸਿੱਖਿਆ ਨਾਲ ਨਾ ਤਾਂ ਕੋਈ ਹੁਨਰਮੰਦ ਵਿਅਕਤੀ ਪੈਦਾ ਹੋਣਗੇ ਤੇ ਨਾ ਹੀ ਇਹ ਸਿੱਖਿਆ ਨੀਤੀ ਸਿਖਿਆਰਥੀ ਦੇ ਰੁਜ਼ਗਾਰ ਦੀ ਗਰੰਟੀ ਕਰਦੀ ਹੈ। ਨੌਜਵਾਨਾਂ ਤੇ ਵਿਦਿਆਰਥੀਆਂ ਦੇ ਸੂਬਾਈ ਆਗੂਆਂ ਨੇ ਕਿਹਾ ਕਿ ਰੁਜ਼ਗਾਰ ਪ੍ਰਾਪਤੀ ਮੁਹਿੰਮ ਜਿੱਥੇ ਹਰ ਇੱਕ ਲਈ ਮੁਫਤ ਤੇ ਲਾਜ਼ਮੀ ਸਿੱਖਿਆ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੀ ਹੈ, ਉਥੇ ਹਰ ਇਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਕਾਨੂੰਨ ਬਨੇਗਾ ਨੂੰ ਦੇਸ਼ ਦੀ ਪਾਰਲੀਮੈਂਟ ਵਿੱਚੋਂ ਪਾਸ ਕਰਵਾਉਣ ਲਈ ਵੀ ਸੰਘਰਸ਼ਸ਼ੀਲ ਹੈ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਰੁਜ਼ਗਾਰ ਪ੍ਰਾਪਤੀ ਮੁਹਿੰਮ ਨਾਲ ਜੁੜ ਕੇ ਸੰਘਰਸ਼ ਦੇ ਰਾਹ ਪੈਣਾ ਚਾਹੀਦਾ ਹੈ।

ਆਗੂਆਂ ਨੇ ਕਿਹਾ ਕਿ ਪਰਮਗੁਣੀ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਚੱਲ ਕੇ ਹੀ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਪ੍ਰਾਪਤੀ ਤੇ ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ ਕਰਨਾ ਚਾਹੀਦਾ ਹੈ, ਕਿਉਂਕਿ ਇਹ ਹੀ ਸਾਡਾ ਅਸਲ ਰਾਹ ਦਸੇਰਾ ਹੈ। ਇਸ ਸੈਮੀਨਰ ਨੂੰ ਹੋਰਨਾਂ ਤੋਂ ਇਲਾਵਾ ਭਗਵਾਨ ਦਾਸ ਬਹਾਦਰ ਕੇ, ਜੀਤ ਚੌਹਾਨਾਂ, ਬਲਵੰਤ ਚੌਹਾਨਾਂ, ਪਿਆਰਾ ਮੇਘਾ, ਸੰਦੀਪ ਜੋਧਾ, ਰਮੇਸ਼ ਪੀਰ ਮੁਹੰਮਦ, ਤੇਜਾ ਅਮੀਰ ਖਾਸ, ਦੀਪਕ ਵਧਾਵਨ, ਪਿਆਰਾ ਮੇਘਾ, ਭਜਨ ਛੱਪੜੀ ਵਾਲਾ, ਪਰਮਿੰਦਰ ਰਹਿਮੇਸ਼ਾਹ, ਗੁਰਦਿਆਲ ਢਾਬਾਂ, ਰਾਜ ਕੁਮਾਰ ਬਹਾਦਰ ਕੇ, ਦਰਸ਼ਨ ਸਿੰਘ, ਕੁਲਦੀਪ ਅਜਾਬਾ, ਸੀਰਤ ਕੌਰ, ਮਮਤਾ ਰਾਣੀ, ਪ੍ਰਿੰਸ ਵਸਤੀ ਵੱਲੂ ਸਿੰਘ, ਗੁਰਸਰਨਦੀਪ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

ਆਰ ਐੱਮ ਪੀ ਆਈ ਨੇ ਸੱਦੀ 'ਕਾਰਪੋਰੇਟ ਭਜਾਓ-ਮੋਦੀ ਹਰਾਓ' ਕਾਨਫਰੰਸ

- ਪ੍ਰੋ. ਜੈਪਾਲ ਤੇ ਮਹੀਪਾਲ ਨੇ ਫਿਰਕੂ ਫੁੱਟ ਤੇ ਕਾਰਪੋਰੇਟੀ ਲੁੱਟ ਦੇ ਖਾਤਮੇ ਲਈ ਜੂਝਣ ਦਾ ਦਿੱਤਾ ਸੱਦਾ

ਬਠਿੰਡਾ (ਪਰਵਿੰਦਰਜੀਤ ਸਿੰਘ)

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਵੱਲੋਂ ਅੱਜ ਤੋਂ ਅਰੰਭੀ ਗਈ "ਕਾਰਪੋਰੇਟ ਭਜਾਓ-ਮੋਦੀ ਹਰਾਓ" ਸੂਬਾ ਵਿਆਪੀ ਮੁਹਿੰਮ ਤਹਿਤ ਪਾਰਟੀ ਦੀ ਬਠਿੰਡਾ-ਮਾਨਸਾ ਜ਼ਿਲ੍ਹਾ ਕਮੇਟੀ ਵੱਲੋਂ ਸਥਾਨਕ ਟੀਚਰਜ਼ ਹੋਮ ਵਿਖੇ ਇੱਕ ਵਿਸ਼ਾਲ ਸਿਆਸੀ ਕਾਨਫਰੰਸ ਸੱਦੀ ਗਈ। ਕਾਨਫਰੰਸ ਨੂੰ ਸੰਬੋਧਨ ਕਰਨ ਲਈ ਉਚੇਚੇ ਹਾਜ਼ਰ ਹੋਏ ਪਾਰਟੀ ਦੇ ਸੂਬਾਈ ਖਜ਼ਾਨਚੀ ਪ੍ਰੋਫੈਸਰ ਜੈਪਲ ਸਿੰਘ ਤੇ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ ਨੇ ਕਿਹਾ ਕਿ ਦੇਸ਼ ਨੂੰ ਫਿਰਕੂ ਹਿੰਸਾ ਦੀ ਕੁਲਹਿਣੀ ਅੱਗ 'ਚ ਝੁਲਸਣ ਤੋਂ ਬਚਾਉਣ ਤੇ ਭਾਈਚਾਰਕ ਸਾਂਝ ਦੀ ਰਾਖੀ ਲਈ 2024 'ਚ ਹੋਣ ਜਾ ਰਹੀਆਂ ਆਮ ਚੋਣਾਂ 'ਚ ਫਿਰਕੂ-ਫਾਸ਼ੀ ਕਾਰਪੋਰੇਟ ਪੱਖੀ ਮੋਦੀ-ਸ਼ਾਹ ਸਰਕਾਰ ਨੂੰ ਕੇਂਦਰੀ ਸੱਤਾ ਤੋਂ ਲਾਂਭੇ ਕਰਨਾ ਅਜੋਕੀ ਦੌਰ ਦਾ ਸਭ ਤੋਂ ਜ਼ਰੂਰੀ ਤੇ ਅਹਿਮ ਕਾਰਜ ਹੈ। ਪ੍ਰੋਫੈਸਰ ਜੈਪਲ ਤੇ ਮਹੀਪਾਲ ਨੇ ਐਲਾਨ ਕੀਤਾ ਕਿ ਉਕਤ ਦਿਸ਼ਾ ਵਿੱਚ ਦੇਸ਼ ਦੀਆਂ ਸਭਨਾਂ ਧਰਮ ਨਿਰਪੱਖ ਤੇ ਪ੍ਰਗਤੀ ਹਾਮੀ ਧਿਰਾਂ ਦੇ ਸਾਂਝੇ ਮੁਹਾਜ ਦੀ ਜਿੱਤ ਲਈ ਪਾਰਟੀ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਦੋਸ਼ ਲਾਇਆ ਕਿ ਸੰਘੀ ਸੰਗਠਨਾਂ ਵੱਲੋਂ ਉਕਤ ਫਿਰਕੇਦਾਰਾਨਾ ਤੇ ਹਿੰਸਕ ਵਾਰਦਾਤਾਂ, ਮੋਦੀ ਸਰਕਾਰ ਦੇ ਥਾਪੜੇ ਨਾਲ ਦੇਸ਼ ਵਾਸੀਆਂ ਦਾ ਧਿਆਨ ਕੇਂਦਰੀ ਸਰਕਾਰ ਦੀਆਂ ਚੌਤਰਫਾ ਅਸਫਲਤਾਵਾਂ ਤੋਂ ਭਟਕਾ ਕੇ ਤੇ ਲੋਕਾਂ ਦੇ ਬੁਨਿਆਦੀ ਮਸਲਿਆਂ ਤੋਂ ਲਾਂਭੇ ਕਰਕੇ 2024 'ਚ ਹੋਣ ਜਾ ਰਹੀਆਂ ਪਾਰਲੀਮਾਨੀ ਚੋਣਾਂ ਜਿੱਤਣ ਲਈ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਆਗਾਹ ਕਰਦਿਆਂ ਕਿਹਾ ਕਿ ਭਾਰਤ ਦੇ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਨੂੰ ਤਹਿਸ-ਨਹਿਸ ਕਰਕੇ ਦੇਸ਼ ਨੂੰ ਮਨੂੰਵਾਦੀ ਸ਼ਾਸਨ ਪੱਧਤੀ ਵਾਲੇ ਧਰਮ ਆਧਾਰਤ ਕੱਟੜ ਰਾਸ਼ਟਰ 'ਚ ਤਬਦੀਲ ਕਰਨ ਦੇ ਤਬਾਹਕੁੰਨ ਮਨਸੂਬੇ ਪੂਰੇ ਕਰਨ ਲਈ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐੱਸ.ਐੱਸ.) ਤੇ ਇਸ ਦੇ ਸਹਿਯੋਗੀ ਸੰਗਠਨਾਂ ਵੱਲੋਂ ਫਿਰਕੂ ਵੰਡ ਤਿੱਖੀ ਕਰਨ ਲਈ ਕੀਤੀਆਂ ਜਾ ਰਹੀਆਂ ਹਿੰਸਕ ਕਾਰਵਾਈਆਂ ਤੇ ਭੜਕਾਊ ਬਿਆਨਬਾਜ਼ੀ ਦੇ ਨਤੀਜੇ ਦੇਸ਼ ਦੀ ਸੁਤੰਤਰਤਾ, ਪ੍ਰਭੂਸੱਤਾ ਤੇ ਏਕਤਾ-ਅਖੰਡਤਾ ਲਈ ਬਹੁਤ ਘਾਤਕ ਸਿੱਧ ਹੋਣਗੇ। ਉਨ੍ਹਾਂ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਤੇ ਇਸਾਈਆਂ, ਅਨੁਸੂਚਿਤ ਜਾਤੀਆਂ ਤੇ ਕਬਾਇਲੀਆਂ, ਇਸਤਰੀਆਂ ਤੇ ਰੌਸ਼ਨ ਖਿਆਲ ਬੁੱਧੀਜੀਵੀਆਂ ਤੇ ਪ੍ਰਗਤੀਸ਼ੀਲ ਸੰਸਥਾਵਾਂ 'ਤੇ ਆਰ.ਐੱਸ.ਐੱਸ. ਦੇ ਖਰੂਦੀ ਟੋਲਿਆਂ ਵੱਲੋਂ ਕੀਤੇ ਜਾ ਰਹੇ ਘਾਤਕ ਹਮਲਿਆਂ ਤੇ ਮੋਦੀ-ਸ਼ਾਹ ਸਰਕਾਰ ਵੱਲੋਂ ਢਾਹੇ ਜਾ ਰਹੇ ਜਬਰ ਵਿਰੁੱਧ ਤੇ ਸੰਵਿਧਾਨਕ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਮੁੱਚੇ ਦੇਸ਼ ਵਾਸੀਆਂ ਨੂੰ ਬਾਦਲੀਲ, ਗਰਜਵੀਂ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ।

ਦੋਹਾਂ ਆਗੂਆਂ ਨੇ ਕਿਹਾ ਕਿ ਚੋਣ ਕਮਿਸ਼ਨ, ਈ.ਡੀ., ਸੀ ਬੀ ਆਈ, ਐੱਨ ਆਈ ਏ ਆਦਿ ਖੁਦ ਮੁਖਤਿਆਰ ਸੰਸਥਾਵਾਂ ਨੂੰ ਰਾਜ ਕਰਦੀ ਧਿਰ ਦੇ ਪਿੱਛਲੱਗ ਬਣਾਉਣ ਤੇ ਨਿਆਂ ਪਾਲਿਕਾ ਦਾ ਫਿਰਕੂਕਰਨ ਕਰਨ ਦੇ ਸੰਘ-ਭਾਜਪਾ ਤੇ ਮੋਦੀ-ਸ਼ਾਹ ਸਰਕਾਰ ਦੇ ਕੋਝੇ ਯਤਨਾਂ ਨੂੰ ਵਿਸ਼ਾਲ ਲੋਕ ਘੋਲਾਂ ਰਾਹੀਂ ਠੱਲ੍ਹ ਪਾਏ ਤੋਂ ਬਗੈਰ ਭਾਰਤ ਦੀ ਠੀਕ ਦਿਸ਼ਾ ਵਿੱਚ ਉੱਨਤੀ ਤੇ ਦੇਸ਼ ਵਾਸੀਆਂ ਦੇ ਸਾਵੇਂ ਵਿਕਾਸ ਦਾ ਸੁਤੰਤਰਤਾ ਸੰਗਰਾਮੀਆਂ ਦਾ ਸੁਪਨਾ ਪੂਰਾ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਪ੍ਰਤੀਕ੍ਰਿਆਵਾਦੀ ਮੋਦੀ ਸਰਕਾਰ ਵਿੱਦਿਅਕ ਸਲੇਬਸ 'ਚੋਂ ਵਿਗਿਆਨ ਨੂੰ ਮਨਫੀ ਕਰਕੇ ਮਨੋ ਕਲਪਿਤ ਪਿਛਾਖੜੀ ਧਾਰਨਾਵਾਂ ਦਾ ਕੂੜਾ ਭਰਨ ਰਾਹੀਂ, ਮਿਥਿਹਾਸ ਨੂੰ ਇਤਿਹਾਸਕ ਬਣਾ ਕੇ ਪੇਸ਼ ਕਰਨ ਰਾਹੀਂ ਤੇ ਗੱਦਾਰਾਂ ਨੂੰ 'ਮਹਾਂ ਪੁਰਸ਼ਾਂ' ਵਜੋਂ ਪੇਸ਼ ਕਰਕੇ ਦੇਸ਼ ਨੂੰ 'ਵਿਸ਼ਵ ਗੁਰੂ' ਬਣਾਉਣ ਦੇ ਹਾਸੋਹੀਣੇ, ਫਰਜ਼ੀ ਦਾਅਵੇ ਕਰ ਰਹੀ ਹੈ। ਉਨ੍ਹਾਂ ਦੇਸ਼ ਵਾਸੀਆਂ, ਖਾਸ ਕਰਕੇ ਕਿਰਤੀ-ਕਿਸਾਨਾਂ ਤੇ ਮਿਹਨਤੀ ਵਰਗਾਂ ਨੂੰ ਕੰਗਾਲ ਕਰਕੇ ਅਡਾਨੀ ਅੰਬਾਨੀ ਜਿਹੇ ਕਾਰਪੋਰੇਟ ਲੋਟੂਆਂ ਤੇ ਇਨ੍ਹਾਂ ਦੇ ਸਾਮਰਾਜੀ ਭਾਈਵਾਲਾਂ ਦੇ 'ਖਜ਼ਾਨੇ ਭਰਪੂਰ' ਕਰਨ ਵਾਲੀਆਂ, ਦੇਸ਼ ਦੇ ਕੁਦਰਤੀ ਖਜ਼ਾਨੇ ਤੇ ਜਨਤਕ ਜਾਇਦਾਦਾਂ ਦੇਸੀ-ਬਦੇਸ਼ੀ ਪੂੰਜੀਪਤੀਆਂ ਦੇ ਹੱਥੀਂ ਲੁਟਾਉਣ ਵਾਲੀਆਂ ਮੋਦੀ ਸਰਕਾਰ ਦੀਆਂ ਲੋਕ ਦੋਖੀ-ਦੇਸ਼ ਵਿਰੋਧੀ ਨਵਉਦਾਰਵਾਦੀ ਨੀਤੀਆਂ ਨੂੰ ਭਾਂਜ ਦੇਣ ਲਈ ਘੋਲ ਪ੍ਰਚੰਡ ਕਰਨ ਦੀ ਵੀ ਅਪੀਲ ਕੀਤੀ। ਕਾਨਫਰੰਸ ਦੀ ਪ੍ਰਧਾਨਗੀ ਸਾਥੀ ਮਿੱਠੂ ਸਿੰਘ ਘੁੱਦਾ, ਪ੍ਰਕਾਸ਼ ਸਿੰਘ ਨੰਦਗੜ੍ਹ, ਸੰਪੂਰਨ ਸਿੰਘ ਤੇ ਦਰਸ਼ਨ ਸਿੰਘ ਫੁੱਲੋ ਮਿੱਠੀ ਨੇ ਕੀਤੀ। ਕਾਰਵਾਈ ਜ਼ਿਲ੍ਹਾ ਸਕੱਤਰ ਸਾਥੀ ਲਾਲ ਚੰਦ ਸਰਦੂਲਗੜ੍ਹ ਨੇ ਚਲਾਈ। ਕਾਨਫਰੰਸ ਦੀ ਸਮਾਪਤੀ ਤੋਂ ਪਿੱਛੋਂ ਬਾਜ਼ਾਰਾਂ ਅੰਦਰ ਰੋਹ ਭਰਪੂਰ ਮਾਰਚ ਵੀ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਾਰਟੀ ਦੀ ਪੰਜਾਬ ਰਾਜ ਕਮੇਟੀ ਵੱਲੋਂ ਸਾਰੇ ਜ਼ਿਲ੍ਹਿਆਂ ਅੰਦਰ 10 ਤੋਂ 27 ਸਤੰਬਰ ਤੱਕ 60 ਤੋਂ ਵਧੇਰੇ ਰਾਜਨੀਤਕ ਕਾਨਫਰੰਸਾਂ ਕਰਨ ਤੇ ਜੱਥਾ ਮਾਰਚਾਂ, ਰੈਲੀਆਂ, ਮੀਟਿੰਗਾਂ ਆਦਿ ਰਾਹੀਂ ਸੰਘਣੀ ਜਨ ਸੰਪਰਕ ਮੁਹਿੰਮ ਚਲਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।

ਕਾਤਰਾਂ

ਚੋਰਾਂ ਨੇ ਐੱਨ ਆਰ ਆਈ ਦਾ ਘਰ ਕੀਤਾ ਸਾਫ਼

ਮਲੋਟ (ਗੁਰਮੀਤ ਸਿੰਘ ਮੱਕੜ)-ਪਿੰਡ ਬੁਰਜ ਸਿੱਧਵਾਂ ਵਿਖੇ ਇੱਕ ਐੱਨ.ਆਰ.ਆਈ. ਪਰਿਵਾਰ ਦੇ ਸੂੰਨੇ ਘਰ ਵਿੱਚੋਂ ਚੋਰ ਲਗਾਤਾਰ 15 ਦਿਨ ਚੋਰੀ ਕਰਦੇ ਰਹੇ ਤੇ ਘਰ ਦਾ ਸਾਰਾ ਸਾਮਾਨ ਚੋਰੀ ਕਰਕੇ ਲੈ ਗਏ। ਜਦੋਂ ਕੈਨੇਡਾ ਪਰਿਵਾਰ ਨੂੰ ਮਿਲ ਕੇ ਲੜਕਾ ਵਾਪਸ ਆਇਆ ਤਾਂ ਉਸ ਨੇ ਵੇਖਿਆ ਕਿ ਘਰ ਦਾ ਸਾਰਾ ਸਾਮਾਨ ਚੋਰੀ ਹੋ ਗਿਆ ਹੈ ਤਾਂ ਉਸ ਨੇ ਪੁਲਸ ਕੋਲ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ। ਨੌਜਵਾਨ ਮਹਿਕਦੀਪ ਸਿੰਘ ਤੇ ਸਾਬਕਾ ਸਰਪੰਚ ਰਣਜੀਤ ਸਿੰਘ ਨੇ ਦੱਸਿਆ ਕਿ ਤਿੰਨ ਤੋਂ ਚਾਰ ਲੱਖ ਰੁਪਏ ਦਾ ਸਾਮਾਨ ਸ, ਜੋ ਘਰ ਵਿੱਚ ਲੈ ਗਏ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਆਪਣੇ ਘਰ ਆਇਆ ਹੋਇਆ ਹੈ। ਇਸ ਸਬੰਧੀ ਪੁਲਸ ਨੇ ਮਾਮਲਾ ਦਰਜ ਕਰਕੇ ਚੋਰਾਂ ਨੂੰ ਗ੍ਰਿਫ਼ਤਾਰ ਕਰਕੇ ਕੁੱਝ ਸਾਮਾਨ ਬਰਾਮਦ ਕਰਵਾ ਰਹੀ ਹੈ।

ਦੇਸੀ ਪਿਸਟਲ ਸਮੇਤ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਨਜਾਇਜ਼ ਅਸਲੇ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਬਲਦੇਵ ਸਿੰਘ ਨੂੰ ਮੁਖਬਰੀ ਮਿਲੀ ਸੀ ਕਿ ਆਪਣੇ ਕੋਲ ਅਕਸਰ ਹੀ ਨਜਾਇਜ਼ ਅਸਲਾ ਰੱਖਣ ਵਾਲਾ ਨਰਿੰਦਰ ਸਿੰਘ ਉਰਫ ਨਿੰਦਾ ਵਾਸੀ ਪਿੰਡ ਅਤਾਪੁਰ ਨਜਾਇਜ਼ ਅਸਲੇ ਸਮੇਤ ਚਨਾਰਥਲ ਕਲਾਂ ਤੋਂ ਪਿੰਡ ਅਤਾਪੁਰ ਵੱਲ ਨੂੰ ਆ ਰਿਹਾ ਹੈ। ਮੁਖਬਰੀ ਮਿਲਣ 'ਤੇ ਕਾਰਵਾਈ ਕਰਦੇ ਹੋਏ ਸਹਾਇਕ ਥਾਣੇਦਾਰ ਬਲਦੇਵ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਨਰਿੰਦਰ ਸਿੰਘ ਉਰਫ ਨਿੰਦਾ ਨੂੰ ਅਤਾਪੁਰ ਰੋਡ 'ਤੋਂ ਕਾਬੂ ਕਰ ਲਿਆ, ਜਿਸ ਦੀ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ .32 ਬੋਰ ਦਾ ਇੱਕ ਦੇਸੀ ਪਿਸਟਲ ਬਰਾਮਦ ਹੋਇਆ। ਥਾਣਾ ਮੂਲੇਪੁਰ ਦੇ ਐੱਸ.ਐੱਚ.ਓ. ਇੰਸਪੈਕਟਰ ਗੁਰਦੀਪ ਸਿੰਘ ਨੇ ਦੱਸਿਆ ਕਿ ਨਰਿੰਦਰ ਸਿੰਘ ਉਰਫ ਨਿੰਦਾ ਨੂੰ ਅਸਲਾ ਐਕਟ ਤਹਿਤ ਗ੍ਰਿਫਤਾਰ ਕਰ ਉਸ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

ਪੰਜਾਬ ਬੋਰਡ ਮਿੱਲ ਦੀ ਮੀਟਿੰਗ

**

page-6-11-(SEP)-2023-G-(BV).qxd 9/10/2023 8:29 PM Page 1

ਹੜ੍ਹ ਪੀੜਤਾਂ ਲਈ ਰੋਟਰੀ ਕਲੱਬ ਵੱਲੋਂ ਮੁਫ਼ਤ ਮੈਡੀਕਲ ਕੈਂਪ

118 ਮਰੀਜ਼ਾਂ ਨੂੰ ਵੰਡੀਆਂ ਦਵਾਈਆਂ ਤੇ ਲੋੜੀਂਦਾ ਸਾਮਾਨ

ਹੜ੍ਹ ਪੀੜਤਾਂ ਲਈ ਰੋਟਰੀ ਕਲੱਬ ਵੱਲੋਂ ਨਿਹਾਲਾ ਕਿਲਚਾ ਵਿੱਚ ਲਗਾਏ ਮੁਫ਼ਤ ਮੈਡੀਕਲ ਕੈਂਪ ਦੀ ਤਸਵੀਰ।

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਹੜ੍ਹਾਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਸਤਲੁਜ ਦਰਿਆ ਦੇ ਕੰਢੇ ਸਥਿਤ ਪਿੰਡ ਨਿਹਾਲਾ ਕਿਲਚਾ, ਕਾਲੂ ਵਾਲਾ ਟਾਪੂ ਤੇ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਨੂੰ ਦੇਖਦੇ ਹੋਏ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਫਿਰੋਜ਼ਪੁਰ ਕੈਂਟ ਵੱਲੋਂ ਮੁਫ਼ਤ ਮੈਡੀਕਲ ਕੈਂਪ ਜ਼ਿਲ੍ਹਾ ਸਿਹਤ ਵਿਭਾਗ ਫਿਰੋਜ਼ਪੁਰ ਦੀ ਟੀਮ ਵੱਲੋਂ ਨਿਹਾਲਾ ਕਿਲਚਾ ਵਿਖੇ ਲਗਾਇਆ ਗਿਆ। ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਰੋਟਰੀ ਕਲੱਬ ਫਿਰੋਜ਼ਪੁਰ ਕੈਂਟ ਦੇ ਪ੍ਰਧਾਨ ਵਿੱਪੁਲ ਨਾਰੰਗ ਨੇ ਦੱਸਿਆ ਕਿ ਹੜ੍ਹ ਕਾਰਨ ਇਸ ਇਲਾਕੇ ਦੇ ਲੋਕਾਂ ਵਿੱਚ ਚਮੜੀ ਦੇ ਰੋਗ, ਸਾਹ ਤੇ ਅਲਰਜੀ ਬਿਮਾਰੀਆਂ ਦੇ 118 ਤੋਂ ਵੱਧ ਮਰੀਜ਼ਾਂ ਦਾ ਸਿਹਤ ਵਿਭਾਗ ਦੇ ਮਾਹਰ ਅੰਕੁਸ਼ ਭੰਡਾਰੀ, ਅਮਰਜੀਤ, ਔਨਟਿਊ, ਕਿਰਨ, ਰਾਜਵੰਤ ਕੌਰ ਦੀ ਟੀਮ ਤੇ ਸਥਾਨਕ ਸਰਕਾਰੀ ਡਿਸਪੈਂਸਰੀ ਦੇ ਸਟਾਫ ਹਰਗੁਰਸ਼ਰਨ ਸਿੰਘ ਸੀਨੀ. ਅਫ਼ਸਰ ਤੇ ਸੱਤਪਾਲ ਸਿੰਘ ਹੈਲਥ ਵਰਕਰ ਵੱਲੋਂ ਚੈੱਕਅਪ ਕੀਤਾ ਗਿਆ ਅਤੇ 10 ਤੋਂ 15 ਦਿਨ ਦੀ ਮੁਫ਼ਤ ਦਵਾਈ, ਸੈਨੇਟਰੀ ਪੈਡ, ਗੁਲੂਕੋਜ਼, ਅਨਰਜੀ ਡਰਿੰਕ, ਓਡੋਮਾਸ ਤੇ ਹੋਰ ਲੋੜੀਂਦਾ ਸਾਮਾਨ ਵੰਡਿਆ ਗਿਆ।ਕੈਂਪ ਨੂੰ ਸਫਲ ਬਣਾਉਣ ਵਿੱਚ ਰੋਟੇਰੀਅਨ ਅਸ਼ੋਕ ਬਹਿਲ, ਪ੍ਰਿੰਸੀਪਲ ਸਤਿੰਦਰ ਸਿੰਘ, ਕਮਲ ਸ਼ਰਮਾ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ। ਅਸ਼ੋਕ ਬਹਿਲ ਨੇ ਸਮਾਜ ਸੇਵੀ ਸੰਸਥਾਵਾਂ ਦੇ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਸ ਕੁਦਰਤੀ ਆਫ਼ਤ ਮੌਕੇ ਇਨ੍ਹਾਂ ਸੰਸਥਾਵਾਂ ਨੇ ਲੋੜਵੰਦਾਂ ਦੀ ਮੱਦਦ ਕਰਨ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਹਰ ਸੰਭਵ ਸਹਿਯੋਗ ਵੀ ਕੀਤਾ ਹੈ।

ਡਾ. ਹਰਜੋਤ ਕਮਲ ਦੀ ਅਗਵਾਈ 'ਚ ਕੇਂਦਰ ਦੀਆਂ ਸਕੀਮਾਂ ਦੇ ਕੈਂਪ ਜਾਰੀ

*** ਡਾ. ਹਰਜੋਤ ਕਮਲ ਪਹਿਲਾਂ ਦੀ ਤਰ੍ਹਾਂ ਲੋਕ ਸੇਵਾ ਨੂੰ ਸਮਰਪਤ-ਗੁਰਪ੍ਰੀਤ**

ਕੇਂਦਰ ਸਰਕਾਰ ਵੱਲੋਂ ਜਾਰੀ ਸਕੀਮਾਂ ਦੇ ਕੈਂਪ ਦੀ ਸ਼ੁਰੂਆਤ ਕਰਦੇ ਹੋਏ ਡਾ. ਹਰਜੋਤ ਕਮਲ ਤੇ ਹਾਜ਼ਰ ਪਿੰਡ ਵਾਸੀ।

ਮੋਗਾ (ਅਮਰਜੀਤ ਬੱਬਰੀ)-ਪਿੰਡ ਬੁੱਧ ਸਿੰਘ ਵਾਲਾ ਵਿਖੇ ਡਾ. ਹਰਜੋਤ ਕਮਲ ਸੈਕਟਰੀ ਭਾਜਪਾ ਪੰਜਾਬ ਨੇ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦੇ ਕੈਂਪ ਦੀ ਸ਼ੁਰੂਆਤ ਕੀਤੀ। ਇਸ ਮੌਕੇ ਪਿੰਡ ਬੁੱਧ ਸਿੰਘ ਵਾਲਾ ਦੇ ਹੋਣਹਾਰ ਨੌਜਵਾਨ ਗੁਰਪ੍ਰੀਤ ਸਿੰਘ, ਮੈਂਬਰ ਪੰਚਾਇਤ ਜੰਟਾ ਸਿੰਘ, ਬਲਵੀਰ ਕੌਰ ਸਾਬਕਾ ਪੰਚ, ਜਸਵਿੰਦਰ ਕੌਰ, ਮਨਜੀਤ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਡਾ. ਹਰਜੋਤ ਕਮਲ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਸਵਾਗਤ ਕੀਤਾ। ਇਸ ਦੌਰਾਨ ਡਾ. ਹਰਜੋਤ ਕਮਲ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਬਹੁਤ ਸਾਰੀਆਂ ਸਕੀਮਾਂ ਚਲਾਈਆਂ ਗਈਆਂ ਹਨ, ਜੋ ਕਿ ਜਾਗਰੂਕਤਾ ਨਾ ਹੋਣ ਕਾਰਨ ਬਹੁਤ ਸਾਰੇ ਲੋਕ ਇਨ੍ਹਾਂ ਸਕੀਮਾਂ ਦਾ ਲਾਭ ਲੈਣ ਤੋਂ ਅਸਮਰਥ ਹਨ, ਇਸ ਲਈ ਅਸੀਂ ਤੁਹਾਡੇ ਪਿੰਡ ਵਿੱਚ ਉਨ੍ਹਾਂ ਸਕੀਮਾਂ ਦਾ ਲਾਭ ਤੁਹਾਨੂੰ ਸਿੱਧੇ ਤੌਰ 'ਤੇ ਦੇਣ ਲਈ ਕੈਂਪ ਲਗਾ ਰਹੇ ਹਾਂ ਤਾਂ ਕਿ ਵੱਧ ਤੋਂ ਵੱਧ ਲੋਕ ਇਨ੍ਹਾਂ ਸਕੀਮਾਂ ਦਾ ਲਾਹਾ ਲੈ ਸਕਣ। ਡਾ. ਹਰਜੋਤ ਕਮਲ ਨੇ ਕਿਹਾ ਕਿ ਇਨ੍ਹਾਂ ਸਕੀਮਾਂ ਦਾ ਲਾਭ ਪਿਛਲੇ ਲੰਬੇ ਸਮੇਂ ਤੋਂ ਉਨ੍ਹਾਂ ਦੇ ਦਫਤਰ ਵੱਲੋਂ ਵੀ ਦਿੱਤਾ ਜਾ ਰਿਹਾ ਹੈ, ਪਰ ਕੁਝ ਲੋਕ ਜੋ ਆਉਣ-ਜਾਣ ਤੋਂ ਅਸਮਰਥ ਹਨ ਜਾਂ ਫਿਰ ਆਪਣੇ ਕੰਮਾਂ ਧੰਦਿਆਂ ਵਿੱਚ ਵਿਅਸਤ ਹਨ, ਉਨ੍ਹਾਂ ਨੂੰ ਇਨ੍ਹਾਂ ਸਕੀਮਾਂ ਦਾ ਲਾਭ ਦੇਣ ਲਈ ਕੈਂਪਾਂ ਦਾ ਆਯੋਜਨ ਕੀਤਾ ਗਿਆ ਹੈ। ਇਸ ਮੌਕੇ ਡਾ. ਹਰਜੋਤ ਕਮਲ ਦੇ ਨਾਲ ਉਨ੍ਹਾਂ ਦੀ ਟੀਮ ਦੇ ਸਾਥੀ ਜਗਸੀਰ ਸਿੰਘ ਸੀਰਾ ਤੋਂ ਇਲਾਵਾ ਦਫਤਰੀ ਸਟਾਫ ਮਨਪ੍ਰੀਤ ਸਿੰਘ, ਸਤਨਾਮ ਸਿੰਘ, ਧੀਰਜ ਕੁਮਾਰ, ਰਾਜ ਕੌਰ ਤੋਂ ਇਲਾਵਾ ਸਤਨਾਮ ਸਿੰਘ ਮੋਠਾਂਵਾਲੀ, ਗੁਰਵਿੰਦਰ ਸਿੰਘ ਮੰਡੀਰਾਂਵਾਲਾ ਆਦਿ ਹਾਜ਼ਰ ਸਨ।

ਇਸ ਮੌਕੇ ਸਤਨਾਮ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਗਰੂਕ ਕਰਕੇ ਉਨ੍ਹਾਂ ਦੇ ਹੱਕਾਂ ਤੇ ਅਧਿਕਾਰਾ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਗੁਰਪ੍ਰੀਤ ਸਿੰਘ ਨੇ ਡਾ. ਹਰਜੋਤ ਕਮਲ ਤੇ ਉਨ੍ਹਾਂ ਦੀ ਸਮੂਹ ਟੀਮ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਡਾ. ਹਰਜੋਤ ਕਮਲ ਜੀ ਪਹਿਲਾਂ ਲੋਕ ਸੇਵਾ ਨੂੰ ਸਮਰਪਤ ਹਨ, ਉਸੇ ਤਰ੍ਹਾਂ ਹੁਣ ਵੀ ਲੋਕਾਂ ਦੀ ਭਲਾਈ ਲਈ ਨਿਰੰਤਰ ਕੰਮ ਕਰ ਰਹੇ ਹਨ, ਸਾਨੂੰ ਸਭ ਨੂੰ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਹੈ।

ਸਰਕਾਰੀ ਮੁਲਾਜ਼ਮਾਂ ਦੇ ਹੱਕ 'ਚ ਇੱਕ ਹੋਰ ਅਹਿਮ ਫੈਸਲਾ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਸੂਬਾ ਵਾਸੀਆਂ ਨੂੰ ਸਸਤੀਆਂ ਤੇ ਮਿਆਰੀ ਸਿਹਤ ਸੇਵਾਵਾਂ ਦੇਣ ਦੇ ਯਤਨਾਂ ਨੂੰ ਅੱਗੇ ਵਧਾਉਂਦੇ ਹੋਏ ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਸਰਕਾਰੀ ਹਸਪਤਾਲਾਂ ਵਿੱਚ ਕ੍ਰਿਸ਼ਨਾ ਡਾਇਗਨੋਜ਼ ਲਿਮਟਿਡ ਵੱਲੋਂ ਚਲਾਈਆਂ ਜਾ ਰਹੀਆਂ ਕ੍ਰਿਸ਼ਨਾ ਲੈਬ ਵੱਲੋਂ ਹੁਣ ਸਰਕਾਰੀ ਮੁਲਾਜ਼ਮ, ਪੈਨਸ਼ਨਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਪੰਜਾਬ ਸਰਕਾਰ ਅਧੀਨ ਬੋਰਡ ਅਤੇ ਕਾਰਪੋਰੇਸ਼ਨਾਂ ਦੇ ਮੁਲਾਜ਼ਮਾਂ ਨੂੰ ਮੁਫ਼ਤ ਟੈਸਟ ਦੀ ਸਹੂਲਤ ਦਿੱਤੀ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਵੱਲੋਂ ਸੂਬੇ ਦੇ ਸਰਕਾਰੀ ਮੁਲਾਜ਼ਮਾਂ ਦੇ ਹੱਕ ਵਿੱਚ ਇਹ ਵੱਡਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਸਾਰੇ ਸਰਕਾਰੀ ਮੁਲਾਜ਼ਮ, ਪੈਨਸ਼ਨਰ, ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਮੁਲਾਜ਼ਮ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸਰਕਾਰੀ ਹਸਪਤਾਲਾਂ ਵਿੱਚ ਚੱਲਦੀਆਂ ਕ੍ਰਿਸ਼ਨਾ ਲੈਬ 'ਚੋਂ ਮੁਫ਼ਤ ਟੈਸਟ ਦੀ ਸਹੂਲਤ ਦਾ ਲਾਭ ਲੈ ਸਕਦੇ ਹਨ।

ਤੁਗਲਵਾਲਾ ਤੋਂ ਭੈਣੀ ਮੀਆਂ ਖਾਂ ਸੜਕ ਦੀ ਹਾਲਤ ਖਸਤਾ, ਲੋਕ ਐਕਸੀਅਨ ਨੂੰ ਮਿਲੇ

ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)-ਬੇਟ ਖੇਤਰ ਦੇ ਅੱਧੀ ਦਰਜਨ ਤੋਂ ਵੱਧ ਪਿੰਡਾਂ ਨੂੰ ਜੋੜਦੀ ਤੁਗਲਵਾਲਾ ਤੋਂ ਭੈਣੀ ਮੀਆਂ ਖਾਂ ਸੜਕ ਦੀ ਅਤਿ-ਤਰਸਯੋਗ ਹਾਲਤ ਨੂੰ ਲੈ ਕੇ ਬੇਟ ਖੇਤਰ ਦੇ ਪਿੰਡਾਂ ਦੇ ਆਗੂਆਂ ਦਾ ਇੱਕ ਵਫਦ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਪ੍ਰਧਾਨ ਅਨੋਖ ਸਿੰਘ ਦੀ ਅਗਵਾਈ ਹੇਠ ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ (ਐਕਸੀਅਨ) ਬਟਾਲਾ ਨੂੰ ਮਿਲਿਆ। ਇਸ ਮੌਕੇ ਵਫਦ ਨੇ ਐਕਸੀਅਨ ਨੂੰ ਮੰਗ ਪੱਤਰ ਦਿੱਤਾ ਅਤੇ ਸੜਕ ਨੂੰ ਤੁਰੰਤ ਬਣਾਉਣ ਦੀ ਮੰਗ ਕੀਤੀ। ਵਫਦ ਵਿੱਚ ਸ਼ਾਮਲ ਪਹਿਲਵਾਨ ਸਤਨਾਮ ਸਿੰਘ ਫੇਰੋਚੇਚੀ ਅਤੇ ਡਾਕਟਰ ਨਵਦੀਪ ਸਿੰਘ ਗੁਰਾਇਆ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਤੁਗਲਵਾਲਾ ਤੋਂ ਭੈਣੀ ਖਾਂ ਸੜਕ ਨੂੰ ਜੋੜਦੀ ਬੇਟ ਖੇਤਰ ਦੀ ਸੰਪਰਕ ਸੜਕ ਅੱਧੀ ਦਰਜਨ ਤੋਂ ਵੱਧ ਪਿੰਡਾਂ ਨੂੰ ਜੋੜਦੀ ਸੀ, ਜੋ ਹੁਣ ਆਵਾਜਾਈ ਦੇ ਬਿਲਕੁਲ ਵੀ ਯੋਗ ਨਹੀਂ ਰਹੀ। ਕਿਸਾਨ ਆਗੂ ਪ੍ਰਧਾਨ ਸੁਖਵਿੰਦਰ ਸਿੰਘ ਮੁੱਲਾਵਾਲ ਅਤੇ ਗੋਲਡਨ ਯੂਥ ਕਲੱਬ ਦੇ ਅਹੁਦੇਦਾਰ ਗੁਰਜੀਤ ਬਾਜਵਾ ਦੱਸਿਆ ਕਿ ਪਿਛਲੇ ਇਕ ਸਾਲ ਤੋਂ ਪ੍ਰੈਸ਼/ਮੀਡੀਆ ਰਾਹੀਂ ਸੜਕ ਦੀ ਮੁਰੰਮਤ ਦੀ ਸਰਕਾਰ, ਸਬੰਧਿਤ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਕੋਲੋਂ ਮੰਗ ਕਰਦੇ ਆ ਰਹੇ ਹਨ ਪਰ ਅਜੇ ਤੱਕ ਸਰਕਾਰ, ਸਬੰਧਿਤ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਇਸ ਸੜਕ ਵੱਲ ਧਿਆਨ ਨਾ ਦੇਣ ਕਰਕੇ ਸੜਕ ਦੀ ਹਾਲਤ ਏਨੀ ਬੁਰੀ ਤਰ੍ਹਾਂ ਵਿਗੜ ਚੁੱਕੀ ਹੈ ਕਿ ਇਸ ਸੜਕ ਉਪਰ ਦੀ ਲੰਘਣਾ ਮੁਹਾਲ ਹੋਇਆ ਹੈ।

ਇਸ ਮੌਕੇ ਐਕਸੀਅਨ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਇਸ ਸੜਕ ਦੀ ਨਵਉਸਾਰੀ ਜਾਂ ਮੁਰੰਮਤ ਅਗਲੇ ਦਿਨਾਂ ਵਿੱਚ ਕਰਵਾ ਦਿੱਤੀ ਜਾਵੇਗੀ। ਵਫਦ ਵਿੱਚ ਹਰਜਿੰਦਰ ਸਿੰਘ, ਮੱਸਾ ਸਿੰਘ ਘੋੜੇਵਾਹ, ਸੰਦੀਪ ਧਾਰੀਵਾਲ ਭੋਜਾ, ਨੰਬਰਦਾਰ ਸੁਰੇਸ਼ ਸਿੰਘ ਅਤੇ ਅਮਰਜੀਤ ਸਿੰਘ ਆਦਿ ਸਾਥੀ ਸ਼ਾਮਲ ਸਨ।

ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਫਿਰੋਜ਼ਪੁਰ ਵਿਖੇ ਪ੍ਰਿੰਸੀਪਲ ਸੀਮਾ ਦੀ ਅਗਵਾਈ ਹੇਠ 'ਇੰਟਰਨੈਸ਼ਨਲ ਲਿਟਰੇਸੀ ਡੇ' ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ 'ਇੰਟਰਨੈਸ਼ਨਲ ਲਿਟਰੇਸੀ ਡੇ' ਨਾਲ ਸਬੰਧਤ ਚਾਰਟ ਤੇ ਅਰਟੀਕਲ ਪੇਸ਼ ਕੀਤੇ ਗਏ।ਆਰਟੀਕਲਜ਼ ਰਾਹੀਂ ਵਿਦਿਆਰਥੀਆਂ ਨੇ ਇਹ ਜਾਣਕਾਰੀ ਸਾਂਝੀ ਕੀਤੀ ਕਿ ਹਰ ਸਾਲ 8 ਸਤੰਬਰ ਨੂੰ 'ਇੰਟਰਨੈਸ਼ਨਲ ਲਿਟਰੇਸੀ ਡੇ' ਮਨਾਇਆ ਜਾਂਦਾ ਹੈ। ਲੈਕਚਰਾਰ ਰਜਨੀ ਜੱਗਾ ਨੇ ਵਨ ਐਕਟ ਨਾਟਕ ਰਾਹੀਂ ਲਿਟਰੇਸੀ ਡੇ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।ਨਿਲਿਪ ਇੰਚਾਰਜ ਲੈਕਚਰਾਰ ਆਰਤੀ ਸੇਠੀ ਤੇ ਲੈਕਚਰਾਰ ਗੌਰਵ ਮੁੰਜਾਲ ਨੇ ਦੱਸਿਆ ਕਿ 26 ਅਕਤੂਬਰ 1966 ਵਿੱਚ ਯੂਨੈਸਕੋ ਵੱਲੋਂ ਆਪਣੇ 14ਵੇਂ ਸੈਸ਼ਨ ਦੌਰਾਨ 8 ਸਤੰਬਰ ਨੂੰ 'ਵਰਲਡ ਲਿਟਰੇਸੀ ਡੇ' ਘੋਸ਼ਿਤ ਕੀਤਾ ਗਿਆ ਤੇ 8 ਸਤੰਬਰ 1967 ਵਿੱਚ ਇਹ ਦਿਨ ਪਹਿਲੀ ਵਾਰ ਮਨਾਇਆ ਗਿਆ।ਇਸ ਦਿਨ ਨੂੰ ਮਨਾਉਣ ਦਾ ਮੁੱਖ ਉਦੇਸ਼ ਕਿਸੇ ਵਿਅਕਤੀ, ਵਰਗ ਜਾਂ ਸਮਾਜ ਲਈ ਸਾਖਰਤਾ ਦੀ ਅਹਿਮੀਅਤ ਨੂੰ ਸਮਝਾਉਣਾ ਸੀ। ਅਧਿਆਪਕ ਸੁਮਿਤ ਕੁਮਾਰ ਨੇ ਦੱਸਿਆ ਕਿ ਪੂਰੇ ਵਿਸ਼ਵ ਵਿੱਚ 77 ਕਰੋੜ 50 ਲੱਖ ਦੇ ਕਰੀਬ ਅਬਾਦੀ ਨਿਊਨਤਮ ਸਿੱਖਿਆ ਤੋਂ ਵਾਂਝੀ ਹੈ, ਜਿਨ੍ਹਾਂ ਵਿੱਚ ਦੋ-ਤਿਹਾਈ ਗਿਣਤੀ ਔਰਤਾਂ ਦੀ ਹੈ। ਇਸੇ ਸਮੱਸਿਆ ਦਾ ਹੱਲ ਕਰਨ ਲਈ ਅਤੇ ਸਾਖਰਤਾ ਦੀ ਅਹਿਮੀਅਤ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਇਸ ਦਿਨ ਦੀ ਸ਼ੁਰੂਆਤ ਕੀਤੀ ਗਈ ਸੀ।ਲੈਕਚਰਾਰ ਅਮਰ ਜੋਤੀ ਮਾਂਗਟ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਭਾਰਤ ਇੱਕ ਪ੍ਰਗਤੀਸ਼ੀਲ ਦੇਸ਼ ਹੈ ਇਸ ਲਈ ਭਾਰਤ ਵਿੱਚ ਸਾਖਰਤਾ ਦਾ ਬਹੁਤ ਮਹੱਤਵ ਹੈ, ਕਿਉਂਕਿ ਸਿੱਖਿਆ ਹੀ ਕਿਸੇ ਸਮਾਜ ਜਾਂ ਦੇਸ਼ ਨੂੰ ਤਰੱਕੀ ਦੀ ਰਾਹ 'ਤੇ ਲੈ ਕੇ ਜਾ ਸਕਦੀ ਹੈ।ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸਿੱਖਿਆ ਤੇ ਸਾਖਰਤਾ ਦੀ ਅਹਿਮੀਅਤ ਨੂੰ ਸਮਝਣ, ਵਿੱਦਿਆ ਦਾ ਸਤਿਕਾਰ ਕਰਨ ਤੇ ਉੱਚੀ ਤੋਂ ਉੱਚੀ ਵਿੱਦਿਆ ਹਾਸਲ ਕਰਕੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਦਾ ਸੁਨੇਹਾ ਦਿੱਤਾ।ਇਸ ਮੌਕੇ ਡਾਇਟ ਵਿਦਿਆਰਥੀਆਂ ਨੇ ਸਾਖਰਤਾ ਸੰਬਧੀ ਭਾਸ਼ਣ, ਗੀਤ, ਕਵਿਤਾ ਤੇ ਨਾਟਕ ਪੇਸ਼ ਕੀਤਾ।ਆਖੀਰ 'ਤੇ ਪ੍ਰਿੰਸੀਪਲ ਤੇ ਅਧਿਆਪਕਾਂ ਨੇ ਪ੍ਰਤੀਯੋਗੀਆਂ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਤੇ ਇਨਾਮ ਵੀ ਵੰਡੇ।ਇਸ ਮੌਕੇ ਕਲਰਕ ਆਕਾਸ਼ਵੀਰ, ਜਸਵਿੰਦਰ ਕੌਰ, ਲਰਨਰ ਕੁਲਦੀਪ ਕੌਰ ਤੇ ਸਮੂਹ ਅਧਿਆਪਕ ਹਾਜ਼ਰ ਸਨ।

ਸੀਨੀਅਰ ਸਿਟੀਜ਼ਨ ਵੈੱਲਫੇਅਰ ਫੋਰਮ ਵੱਲੋਂ ਮਹੀਨਾਵਾਰ ਮੀਟਿੰਗ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸੀਨੀਅਰ ਸਿਟੀਜ਼ਨ ਵੈੱਲਫੇਅਰ ਫੋਰਮ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਅਹਿਮ ਮੀਟਿੰਗ ਪ੍ਰਧਾਨ ਪ੍ਰਿੰ. ਲਛਮਣ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਪ੍ਰਿੰ. ਲਛਮਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਫੋਰਮ ਦੇ ਮੈਂਬਰਾਂ ਵੱਲੋਂ ਬੀਤੇ ਦਿਨੀਂ ਵੱਖ-ਵੱਖ ਸਥਾਨਾਂ 'ਤੇ ਪੌਦੇ ਲਗਾਏ ਗਏ ਅਤੇ ਆਉਣ ਵਾਲੇ ਸਮੇਂ ਵਿੱਚ ਅਜਿਹੇ ਸਮਾਜ ਭਲਾਈ ਦੇ ਕਾਰਜ ਕੀਤੇ ਜਾਣਗੇ। ਉਨ੍ਹਾਂ ਮਨਾਏ ਜਾ ਰਹੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀ ਵਧਾਈ ਦਿੱਤੀ। ਇਸ ਮੌਕੇ ਗੁਰਦਰਸ਼ਨ ਸਿੰਘ ਧਾਮੀ, ਪ੍ਰਿੰਸੀਪਲ ਨਾਨਕ ਸਿੰਘ, ਪ੍ਰਿੰ. ਨਵਤੇਜ ਸਿੰਘ ਪਨੇਸਰ, ਗੁਰਨਾਮ ਸਿੰਘ, ਕੁਲਵੰਤ ਸਿੰਘ ਬੇਦੀ, ਕਸ਼ਮੀਰ ਸਿੰਘ ਛੀਨਾ, ਮਨੋਹਰ ਲਾਲ ਸ਼ਰਮਾ, ਸਵਿੰਦਰ ਸਿੰਘ ਸੰਧੂ, ਕੁਲਵੰਤ ਸਿੰਘ, ਸਵਰਨ ਸਿੰਘ, ਰਘਬੀਰ ਸਿੰਘ, ਡਾ. ਸਤਪਾਲ ਸਿੰਘ, ਪ੍ਰਿਤਪਾਲ ਸਿੰਘ, ਦਰਸ਼ਨ ਲਾਲ, ਨਰਿੰਦਰ ਸਿੰਘ ਸਿੱਧੂ, ਅਰਵਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ ਪਰਮਾਰ ਅਤੇ ਮੋਹਨ ਸਿੰਘ ਸੋਹੀ ਆਦਿ ਹਾਜ਼ਰ ਸਨ।

ਸੂਬੇ ਅੰਦਰ ਹਰੇਕ ਵਿਅਕਤੀ ਤੱਕ ਮਿਆਰੀ ਸਿਹਤ ਸੇਵਾਵਾਂ ਕਰਾਂਗੇ ਪੁੱਜਦੀਆਂ : ਸਿਹਤ ਮੰਤਰੀ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਮ

11-SEP-PAGE-7.qxd 9/10/2023 8:27 PM Page 1

ਨਹਿਰ 'ਚ ਉੱਗਿਆ ਘਾਹ-ਫੂਸ, ਪਾਣੀ ਨੂੰ ਤਰਸਦੇ ਕਿਸਾਨ

ਪਾਤੜਾਂ (ਨਿਸਾਨ ਸਿੰਘ)-ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਿਸਾਨਾਂ ਨੂੰ ਨਹਿਰੀ ਪਾਣੀ ਦਿੱਤੇ ਜਾਣ ਦੇ ਕੀਤੇ ਗਏ ਦਾਅਵਿਆਂ ਦਾ ਕਈ ਰਜਵਾਹੇ ਮੂੰਹ ਚਿੜਾ ਰਹੇ ਹਨ। ਬਹੁਤੀਆਂ ਨਹਿਰਾਂ ਵਿੱਚ ਪਾਣੀ ਪਹਿਲਾਂ ਨਾਲੋਂ ਘੱਟ ਆਉਣ ਪਾਣੀ ਟੇਲਾਂ ਤੱਕ ਪਾਣੀ ਪਹੁੰਚ ਸਕਿਆ। ਪਾਣੀ ਨੂੰ ਤਰਸਦੇ ਕਿਸਾਨਾਂ ਨੇ ਨਹਿਰਾਂ ਦੀ ਸਫਾਈ ਕਰਕੇ ਪੂਰਾ ਪਾਣੀ ਦਿੱਤੇ ਜਾਣ ਦੀ ਮੰਗ ਕੀਤੀ ਹੈ। ਕਿਸਾਨ ਅਮੀਰ ਸਿੰਘ, ਮਨਜੀਤ ਸਿੰਘ, ਰਣਜੀਤ ਸਿੰਘ, ਕੇਵਲ ਸਿੰਘ, ਬਲਜੀਤ ਸਿੰਘ, ਸੁਰਜੀਤ ਸਿੰਘ ਸਮੇਤ ਪਿੰਡ ਡਰੌਲੀ, ਦੁਤਾਲ ਤੇ ਹਾਮਝੇੜੀ ਦੇ ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਦੇ ਖੇਤਾਂ ਨੂੰ ਪਾਣੀ ਦੇਣ ਵਾਲੀ ਨਹਿਰ ਪਿੰਡ ਬੇਲੂਮਾਜਰਾ ਨੇੜਿਓਂ ਭਾਖੜਾ ਮੇਨ 'ਚੋਂ ਨਿਕਲ ਕੇ ਕਰਮਗੜ੍ਹ ਨਹਿਰ ਦੀ ਬਰਾਂਚ ਨੰਬਰ ਦੋ ਸੰਕਸ਼ਨ ਦੇਧਨਾ ਤੋਂ ਕਲਵਾਣੂੰ, ਡਰੌਲੀ, ਦੁਤਾਲ, ਹਾਮਝੇੜੀ, ਸੇਲਵਾਲਾ ਆਦਿ ਪਿੰਡ ਵਿੱਚ ਹੁੰਦੀ ਹੋਈ ਕਿਸੇ ਸਮੇਂ ਮੂਨਕ ਤੱਕ ਦੇ ਖੇਤਾਂ ਨੂੰ ਪਾਣੀ ਪਹੁੰਚਾਉਂਦੀ ਸੀ। ਪਿਛਲੇ ਕਈ ਸਾਲਾਂ ਤੋਂ ਇਸ ਦਾ ਪਾਣੀ ਘਟਾ ਦਿੱਤੇ ਜਾਣ ਕਾਰਨ ਪਾਣੀ ਪਿੰਡ ਕਲਵਾਣੂੰ ਤੇ ਡਰੌਲੀ ਤੱਕ ਪੁੱਜਦਾ ਹੈ। ਇਹ ਨਹਿਰ ਹੁਣ ਚਿੱਟਾ ਹਾਥੀ ਬਣ ਕੇ ਰਹਿ ਗਈ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਮਗਰੋਂ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਕਿਸਾਨਾਂ ਨੂੰ ਨਹਿਰੀ ਪਾਣੀ ਦਿੱਤੇ ਜਾਣ ਦੇ ਕੀਤੇ ਗਏ ਦਾਅਵਿਆਂ ਕਰਕੇ ਉਨ੍ਹਾਂ ਨੂੰ ਨਹਿਰੀ ਪਾਣੀ ਪੂਰਾ ਮਿਲਣ ਦੀ ਆਸ ਬੱਝੀ ਸੀ, ਪਰ ਉਨ੍ਹਾਂ ਦੀਆਂ ਆਸਾਂ 'ਤੇ ਉਸ ਵੇਲੇ ਪਾਣੀ ਫਿਰ ਗਿਆ ਹੈ, ਜਦੋਂ ਹਫਤੇ ਵਿੱਚ 1 ਦਿਨ ਆਉਂਦਾ ਪਾਣੀ ਮੋਗਿਆਂ ਤੱਕ ਵੀ ਨਹੀਂ ਪੁੱਜਦਾ। ਨਹਿਰ ਵਿੱਚ ਉੱਗਿਆ ਘਾਹ ਤੇ ਝਾੜ ਜੰਗਲ ਦਾ ਰੂਪ ਧਾਰਨ ਕਰ ਚੁੱਕਾ ਹੈ। ਉਨ੍ਹਾਂ ਨਹਿਰ ਦੀ ਸਫਾਈ ਤੇ ਪੂਰਾ ਪਾਣੀ ਛੱਡਣ ਸਬੰਧੀ ਕਈ ਦਰਖਾਸਤਾਂ ਨਹਿਰੀ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤੀਆਂ ਹਨ, ਪਰ ਕੋਈ ਅਸਰ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਨਾ ਮਿਲਣ ਕਾਰਨ ਲਗਾਤਾਰ ਟਿਊਬਵੈੱਲਾਂ ਦੇ ਪਾਣੀ ਦੀ ਵਰਤੋਂ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਡੂੰਘਾ ਹੋਣ ਕਾਰਨ ਕਿਸਾਨਾਂ ਦੇ ਟਿਊਬਵੈੱਲ ਬੰਦ ਹੋ ਰਹੇ ਹਨ। ਛੋਟੇ ਕਿਸਾਨ ਨਵਾਂ ਟਿਊਬਵੈੱਲ ਲਾਉਣ ਦੇ ਸਮਰੱਥ ਨਹੀਂ। ਉਨ੍ਹਾਂ ਕਿਹਾ ਕਿ ਰੇਗਿਸਤਾਨ ਬਣਨ ਵੱਲ ਵਧਦੇ ਇਸ ਖੇਤਰ ਨੂੰ ਬਚਾਉਣ ਲਈ ਨਹਿਰ ਦੀ ਸਫਾਈ ਕਰਵਾ ਕੇ ਪੂਰਾ ਪਾਣੀ ਛੱਡਿਆ ਜਾਵੇ। ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਪਹਿਲੀਆਂ ਸਰਕਾਰਾਂ ਵੱਲੋਂ ਨਹਿਰੀ ਪਾਣੀ ਦੇਣ ਸਬੰਧੀ ਕੁੱਝ ਨਹੀਂ ਕੀਤਾ। ਹੁਣ ਭਗਵੰਤ ਮਾਨ ਸਰਕਾਰ ਨਹਿਰਾਂ ਵੱਲ ਉਚੇਚਾ ਧਿਆਨ ਦਿੰਦੀ ਨਹਿਰਾਂ ਦੀ ਸਫਾਈ ਕਰਵਾ ਕੇ ਉਨ੍ਹਾਂ ਵਿੱਚ ਪਾਣੀ ਛੱਡ ਰਹੀ ਹੈ। ਬਾਕੀ ਰਹਿੰਦੀਆਂ ਨਹਿਰਾਂ ਦੀ ਸਫਾਈ ਕਰਵਾ ਕੇ ਨਹਿਰੀ ਪਾਣੀ ਕਿਸਾਨਾਂ ਦੇ ਖੇਤਾਂ ਤੱਕ ਪੁੱਜਦਾ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਅਣਗਹਿਲੀ ਵਰਤ ਵਾਲੇ ਅਧਿਕਾਰੀਆਂ ਖਿਲਾਫ ਵੀ ਸਖਤ ਕਾਰਵਾਈ ਕੀਤੀ ਜਾਵੇਗੀ।

ਝਾੜੀਆਂ 'ਚੋਂ ਮਿਲੀ ਨੌਜਵਾਨ ਦੀ ਲਾਸ਼, ਕਤਲ ਦਾ ਸ਼ੱਕ

ਜਾਣਕਾਰੀ ਦਿੰਦੇ ਹੋਏ ਪਰਿਵਾਰਕ ਮੈਂਬਰ।

ਮੱਖੂ (ਰਛਪਾਲ ਸਿੰਘ ਸੰਧੂ)

ਸ਼ਹਿਰ ਵਿੱਚ ਉਸ ਵੇਲੇ ਸਨਸਨੀ ਫੈਲ ਗਈ, ਜਦ ਨਗਰ ਪੰਚਾਇਤ ਮਖੂ ਦੇ ਦਫਤਰ ਤੋਂ ਕੁਝ ਦੂਰੀ 'ਤੇ ਸਥਿਤ ਜਿੰਮ ਦੇ ਪਿਛਲੇ ਪਾਸਿਉਂ ਝਾੜੀਆਂ ਵਿੱਚੋਂ ਇੱਕ ਨੌਜਵਾਨ ਦੀ ਵੱਢੀ ਟੁੱਕੀ ਲਾਸ਼ ਬਰਾਮਦ ਹੋਈ। ਮ੍ਰਿਤਕ ਦੀ ਲਾਸ਼ ਦੇ ਹਾਲਾਤ ਵੇਖ ਕੇ ਲੱਗ ਰਿਹਾ ਸੀ ਕਿ ਨੌਜਵਾਨ ਦਾ ਕੁਝ ਲੋਕਾਂ ਵੱਲੋਂ ਕਤਲ ਕੀਤਾ ਗਿਆ ਹੈ, ਜਿਸ ਬਾਬਤ ਮ੍ਰਿਤਕ ਦੇ ਵਾਰਸਾਂ ਵੱਲੋਂ ਪੁਲਸ ਨੂੰ ਕੁਝ ਵਿਅਕਤੀਆਂ ਦੇ ਨਾਂ ਵੀ ਦੱਸੇ ਗਏ। ਮਾਮਲੇ ਨੂੰ ਕੁਝ ਦਿਨ ਪਹਿਲਾਂ ਕਥਿਤ ਤੌਰ 'ਤੇ ਹੋਈ ਲੜਾਈ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਸੀ। ਵਾਰਸਾਂ ਨੇ ਦੱਸਿਆ ਕਿ ਉਨ੍ਹਾਂ ਦੇ ਇੱਕ ਹੋਰ ਮੁੰਡੇ ਦੀ ਕੁੱਟਮਾਰ ਕੁਝ ਦਿਨ ਪਹਿਲਾਂ ਹੋਈ ਸੀ। ਕਥਿਤ ਤੌਰ 'ਤੇ ਲੱਤਾਂ ਤੱਕ ਦੂਜੀ ਧਿਰ ਨੇ ਤੋੜ ਦਿੱਤੀਆਂ ਸਨ, ਪਰ ਲਿਖਤੀ ਸ਼ਿਕਾਇਤ ਦੇਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਸੀ ਹੋਈ। ਜੇਕਰ ਉਸ ਵਾਰਦਾਤ ਖਿਲਾਫ ਪੁਲਸ ਕਾਰਵਾਈ ਕਰਦੀ ਤਾਂ ਸਾਡਾ ਨੌਜਵਾਨ ਪੁੱਤਰ ਬਚ ਸਕਦਾ ਸੀ, ਜਦਕਿ ਸ਼ਾਮ ਤੱਕ ਮਖੂ ਪੁਲਸ ਵੱਲੋਂ ਧਾਰਾ 174 ਤਹਿਤ ਪਰਚਾ ਦਰਜ ਕਰਨ ਤੋਂ ਬਾਅਦ ਪੜਤਾਲ ਕਰਨ ਦੀ ਗੱਲ ਕਹਿ ਕੇ ਵਾਰਸਾਂ ਨੂੰ ਟਾਲ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਅਕਾਸ਼ਦੀਪ ਪੁੱਤਰ ਜੱਗਾ ਉਰਫ ਜੱਗਾ ਟਿੱਕੀਆਂ ਵਾਲਾ ਵਾਸੀ ਈਸਾ ਨਗਰੀ ਨੇੜੇ ਸਰਕਾਰੀ ਹਸਪਤਾਲ ਮਖੂ ਵਜੋਂ ਹੋਈ ਹੈ। ਮ੍ਰਿਤਕ ਦੀ ਲਾਸ਼ ਨੂੰ ਪੋਸਟ ਮਾਰਟਮ ਲਈ ਭੇਜ ਦਿੱਤੀ ਗਈ। ਇਸ ਬਾਬਤ ਜਦ ਡੀ ਐੱਸ ਪੀ ਜ਼ੀਰਾ ਗੁਰਦੀਪ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਪੋਸਟ ਮਾਰਟਮ ਤੋਂ ਬਾਅਦ, ਜੋ ਵੀ ਰਿਪੋਰਟ ਸਾਹਮਣੇ ਆਏਗੀ, ਉਸੇ ਹਿਸਾਬ ਨਾਲ ਕਾਰਵਾਈ ਕੀਤੀ ਜਾਏਗੀ।

ਨਸ਼ਾ ਤੇ ਲੁੱਟ-ਖੋਹ ਵਿਰੋਧੀ ਫਰੰਟ ਦੀ ਐੱਸ ਐੱਸ ਪੀ ਨਾਲ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਜ਼ਿਲ੍ਹੇ ਅੰਦਰ ਵੱਧ ਰਹੇ ਨਸ਼ਿਆਂ ਤੇ ਲੁੱਟ-ਖੋਹ ਦੀਆਂ ਵਾਰਦਾਤਾਂ ਦੇ ਠੱਲ੍ਹ ਪਾਉਣ ਲਈ ਨਸ਼ਾ ਤੇ ਲੁੱਟ-ਖੋਹ ਵਿਰੋਧੀ ਫਰੰਟ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਬੀਤੇ ਕੱਲ੍ਹ ਮਾਰਚ ਕੀਤੇ ਗਏ ਸਨ, ਜਿਸ ਤੋਂ ਬਾਅਦ ਅੱਜ ਐੱਸ ਐੱਸ ਪੀ ਫਿਰੋਜ਼ਪੁਰ ਨੇ ਫਰੰਟ ਦੀਆਂ ਜਥੇਬੰਦੀਆਂ ਨਾਲ ਆਪਣੇ ਦਫ਼ਤਰ ਵਿਖੇ ਮੀਟਿੰਗ ਕੀਤੀ।ਲਗਭਗ ਇੱਕ ਘੰਟਾ ਚੱਲੀ ਮੀਟਿੰਗ ਵਿੱਚ ਫਰੰਟ ਵੱਲੋਂ ਉਠਾਏ ਗਏ ਨੁਕਤਿਆਂ ਉੱਪਰ ਵਿਚਾਰ ਚਰਚਾ ਕੀਤੀ ਗਈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਫਰੰਟ ਦੇ ਸਕੱਤਰ ਅਵਤਾਰ ਸਿੰਘ ਮਹਿਮਾ ਦੱਸਿਆ ਕਿ ਕੱਲ੍ਹ ਜ਼ੀਰਾ, ਗੁਰੂ ਹਰਸਹਾਇ ਤੇ ਫਿਰੋਜ਼ਪੁਰ ਵਿਖੇ ਜਥੇਬੰਦੀਆਂ ਵੱਲੋਂ ਮੰਗ ਪੱਤਰ ਸੌਂਪੇ ਗਏ ਸੀ, ਜਿਸ ਵਿੱਚ ਨਸ਼ਿਆਂ ਨੂੰ ਠੱਲ੍ਹ ਪਾਉਣ, ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਸਖਤੀ ਨਾਲ ਰੋਕਣ, ਨਸ਼ੇ ਦੇ ਕਾਰੋਬਾਰ ਕਰਨ ਵਾਲੇ ਵੱਡੇ ਸਮੱਗਲਰਾਂ ਨੂੰ ਜੇਲ੍ਹਾਂ ਅੰਦਰ ਬੰਦ ਕਰਨ, ਚੋਰੀ ਤੇ ਲੁੱਟ ਦਾ ਸਾਮਾਨ ਖ਼ਰੀਦਣ ਵਾਲੇ ਵਿਅਕਤੀਆਂ ਉੱਪਰ ਸਖ਼ਤ ਕਾਰਵਾਈ ਕਰਨ, ਸਿਆਸੀ ਸ਼ਹਿ ਪ੍ਰਾਪਤ ਸਮਗਲਰਾਂ ਦੀਆਂ ਜਾਇਦਾਦਾਂ ਜਬਤ ਕਰਨ, ਸੀਸੀਟੀਵੀ ਕੈਮਰੇ ਲਗਵਾਉਣ ਤੇ ਨਸ਼ੇ ਦੇ ਆਦੀ ਨੌਜਵਾਨਾਂ ਦਾ ਇਲਾਜ ਕਰਾਉਣ ਸਬੰਧੀ ਨੁਕਤੇ ਮੰਗ ਪੱਤਰ ਵਿੱਚ ਉਠਾਏ ਸਨ।ਇਨ੍ਹਾਂ ਨੁਕਤਿਆਂ ਉੱਪਰ ਵਿਚਾਰ ਚਰਚਾ ਕਰਨ ਤੋਂ ਬਾਅਦ ਜ਼ਿਲ੍ਹਾ ਮੁਖੀ ਵੱਲੋਂ ਜਲਦ ਇਨ੍ਹਾਂ ਮਸਲਿਆਂ 'ਤੇ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ ਗਿਆ। ਮੀਟਿੰਗ ਉਪਰੰਤ ਆਗੂਆਂ ਨੇ ਦੱਸਿਆ ਕਿ ਇੱਕ ਹਫਤੇ ਬਾਅਦ ਫਰੰਟ ਦੀ ਮੀਟਿੰਗ ਕਰਕੇ ਅਗਲਾ ਫੈਸਲਾ ਲਿਆ ਜਾਵੇਗਾ।ਇਸ ਮੌਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਅਵਤਾਰ ਸਿੰਘ ਮਹਿਮਾ, ਗੁਰਚਰਨ ਸਿੰਘ ਮਲਸੀਆਂ, ਨਿਰਮਲ ਸਿੰਘ ਰੱਜੀਵਾਲਾ, ਪੈਨਸ਼ਨਰ ਐਸੋਸੀਏਸ਼ਨ ਵੱਲੋਂ ਸੁਰਿੰਦਰ ਕੁਮਾਰ ਸ਼ਰਮਾ, ਟੈਕਨੀਕਲ ਸਰਵਿਸ ਯੂਨੀਅਨ ਵੱਲੋਂ ਸ਼ਿੰਗਾਰ ਚੰਦ, ਕਿਸਾਨ ਸੰਘਰਸ਼ ਕਮੇਟੀ ਵੱਲੋਂ ਸੁਖਦੇਵ ਸਿੰਘ ਅਰਾਈਆਂ ਵਾਲਾ, ਬੀ ਕੇ ਯੂ ਡਾਕੌਂਦਾ ਵੱਲੋਂ ਹਰਨੇਕ ਸਿੰਘ ਮਹਿਮਾ, ਜਾਗੀਰ ਸਿੰਘ ਖਹਿਰਾ, ਬੀ ਕੇ ਯੂ ਉਗਰਾਹਾਂ ਵੱਲੋਂ ਮਹਿੰਦਰ ਸਿੰਘ ਬੀਕੇਯੂ ਕਾਦੀਆਂ ਵੱਲੋਂ ਮਹਿੰਦਰ ਸਿੰਘ ਰਹੀਮੇ ਕੇ ਬੀ ਕੇ ਯੂ ਪੰਜਾਬ ਵੱਲੋਂ ਗੁਰਦੀਪ ਸਿੰਘ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਧਰਮ ਸਿੰਘ ਸਿੱਧੂ ਤੇ ਬੀ ਕੇ ਯੂ ਲੱਖੋਵਾਲ ਵੱਲੋਂ ਗੁਰਮੀਤ ਸਿੰਘ ਮੋਠਾਂਵਾਲਾ ਆਦਿ ਆਗੂ ਹਾਜ਼ਰ ਸਨ।

ਕਾਤਰਾਂ

ਸੰਬਤਸਰੀ ਮੌਕੇ 19 ਨੂੰ ਸਰਕਾਰੀ ਛੁੱਟੀ ਦੇ ਐਲਾਨ ਦੀ ਜੈਨ ਸਭਾ ਵੱਲੋਂ ਸ਼ਲਾਘਾ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਜੈਨ ਸਮਾਜ ਦੇ ਮਹਾਨ ਤਿਉਹਾਰ ਸੰਬਤਸਰੀ ਦੇ ਮੌਕੇ ਸੂਬਾ ਸਰਕਾਰ ਵਲੋਂ 19 ਸਤੰਬਰ ਨੂੰ ਛੁੱਟੀ ਦਾ ਐਲਾਨ ਕੀਤਾ ਗਿਆ ਹੈ, ਜੋ ਕਿ ਸ਼ਲਾਘਾਯੋਗ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਐੱਸ. ਐੱਸ. ਜੈਨ ਸਭਾ ਮਾਛੀਵਾੜਾ ਦੇ ਪ੍ਰਧਾਨ ਧਰਮਪਾਲ ਜੈਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਲੋਕਾਂ ਨੂੰ ਮਹਾਂਵੀਰ ਸਵਾਮੀ ਦੇ ਸੰਦੇਸ਼ 'ਜੀਓ ਔਰ ਜੀਨੇ ਦੋ' 'ਤੇ ਚੱਲਣ ਦੀ ਅਪੀਲ ਕੀਤੀ। ਸ੍ਰੀ ਜੈਨ ਨੇ ਕਿਹਾ ਕਿ ਸਾਨੂੰ ਆਪਣੇ ਜੀਭ ਦੇ ਸਵਾਦ ਲਈ ਜੀਵ ਹੱਤਿਆ ਨਾ ਕਰਨ ਦਾ ਪ੍ਰਣ ਲੈਣਾ ਚਾਹੀਦਾ ਹੈ ਤਾਂ ਜੋ ਮਾਸਾਹਾਰੀ ਭੋਜਨ ਦਾ ਪੂਰਨ ਤਿਆਗ ਹੋ ਸਕੇ। ਉਨ੍ਹਾਂ ਸਰਕਾਰ ਵੱਲੋਂ ਜਾਰੀ ਇਸ ਆਦੇਸ਼ ਦੀ ਭਰਪੂਰ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਪੰਜਾਬ ਦਾ ਧੰਨਵਾਦ ਪ੍ਰਗਟਾਇਆ। ਉਨ੍ਹਾਂ ਸਮੂਹ ਮੀਟ, ਅੰਡਾ ਤੇ ਮਛਲੀ ਵਿਕ੍ਰੇਤਾਵਾਂ ਨੂੰ ਅਪੀਲ ਕੀਤੀ ਕਿ ਸੰਬਤਸਰੀ ਵਾਲੇ ਦਿਨ 19 ਸਤੰਬਰ ਨੂੰ ਜੈਨ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਦੇਖਦਿਆਂ ਅੰਡਾ, ਮੀਟ, ਮਛਲੀ ਵੇਚਣ ਤੇ ਪਰੋਸਣ ਤੋਂ ਪ੍ਰਹੇਜ ਕੀਤਾ ਜਾਵੇ ਤੇ ਦੁਕਾਨਾਂ ਪੂਰਣ ਤੌਰ 'ਤੇ ਬੰਦ ਰੱਖੀਆਂ ਜਾਣ।

ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐਮ.ਐੱਸ. ਇਮੀਗ੍ਰੇਸ਼ਨ ਨੇ ਗਗਨਦੀਪ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਰਾਜਿਆਣਾ ਦੇ ਬਾਰਵੀਂ ਕਲਾਸ 'ਚ ਬਹੁਤ ਹੀ ਘੱਟ ਪ੍ਰਤੀਸ਼ਤ ਹੋਣ ਦੇ ਬਾਵਜੂਦ ਉਸ ਨੂੰ ਬਹੁਤ ਹੀ ਘੱਟ ਸਮੇਂ ਵਿੱਚ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ ਹੈ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਸਲਾਹ ਦਿੰਦਿਆਂ ਕਿਹਾ ਕਿ ਜਿਨ੍ਹਾਂ ਬੱਚਿਆਂ ਦੇ ਪੜ੍ਹਾਈ ਵਿੱਚੋਂ ਨੰਬਰ ਘੱਟ ਹਨ, ਉਹ ਵੀ ਵਿਦੇਸ਼ਾਂ ਵਿੱਚ ਜਾ ਕੇ ਪੜ੍ਹਾਈ ਕਰ ਸਕਦੇ ਹਨ। ਇਸ ਦੇ ਨਾਲ ਹੀ ਜਿਹੜੇ ਬੱਚਿਆਂ ਦਾ ਪੜ੍ਹਾਈ ਵਿੱਚ ਗੈਪ ਹੈ, ਉਹ ਵੀ ਸੰਸਥਾ ਵਿਖੇ ਪਹੁੰਚ ਕੇ ਇੱਕ ਵਾਰ ਸਲਾਹ ਜ਼ਰੂਰ ਲੈਣ ਤਾਂ ਜੋ ਉਹ ਵੀ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਪੜ੍ਹਾਈ ਕਰਨ ਦੇ ਸੁਪਨੇ ਨੂੰ ਪੂਰਾ ਕਰ ਸਕਣ। ਸੰਸਥਾ ਵੱਲੋਂ ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿੱਟ ਵੀਜ਼ਾ ਆਦਿ ਬਹੁਤ ਹੀ ਘੱਟ ਸਮੇਂ 'ਚ ਲਗਾਏ ਜਾਂਦੇ ਹਨ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵਿਦਿਆਰਥੀ ਨੂੰ ਵੀਜ਼ੇ ਦੀ ਕਾਪੀ ਸੌਂਪਦਿਆਂ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਸ਼ੁੱਭ-ਕਾਮਨਾ ਕੀਤੀ।

'ਮੇਰੀ ਮਿੱਟੀ ਮੇਰਾ ਦੇਸ਼' ਅਭਿਆਨ ਨੂੰ ਪਿੰਡਾਂ 'ਚ ਮਿਲ ਰਿਹੈ ਭਰਵਾਂ ਹੁੰਗਾਰਾ : ਗੋਰਾ ਪਠੇਲਾ

ਮੁਕਤਸਰ (ਸ਼ਮਿੰਦਰਪਾਲ/ਪੂਜਾ)-ਸ੍ਰੀ ਮੁਕਤਸਰ ਸਾਹਿਬ ਭਾਜਪਾ ਵੱਲੋਂ ਚਲਾਏ ਜਾ ਰਹੇ ਮੇਰੀ ਮਿੱਟੀ ਮੇਰਾ ਦੇਸ਼ ਅਭਿਆਨ ਨੂੰ ਪਿੰਡਾਂ 'ਚ ਵੀ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਅਭਿਆਨ ਅਧੀਨ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ, ਫਾਜ਼ਿਲਕਾ ਸਹਿ-ਪ੍ਰਭਾਰੀ ਤੇ ਹਲਕਾ ਮੁਕਤਸਰ ਇੰਚਾਰਜ ਰਾਜੇਸ਼ ਗੋਰਾ ਪਠੇਲਾ ਵੱਲੋਂ ਪਿੰਡ-ਪਿੰਡ ਜਾ ਕੇ ਲੋਕਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਨੇ ਤੇ ਇਸ ਅਭਿਆਨ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਅਧੀਨ ਗੋਰਾ ਪਠੇਲਾ ਵੱਲੋਂ ਪਿੰਡ ਕਾਨਿਆਂਵਾਲੀ ਵਿਖੇ ਮੀਟਿੰਗ ਕੀਤੀ ਗਈ। ਗੋਰਾ ਪਠੇਲਾ ਨੇ ਦੱਸਿਆ ਕਿ ਇਸ ਅਭਿਆਨ ਤਹਿਤ ਭਾਜਪਾ ਆਗੂਆਂ ਵੱਲੋਂ ਘਰ-ਘਰ ਪਿੰਡ-ਪਿੰਡ ਜਾ ਕੇ ਹਰ ਘਰ ਦੀ ਮਿੱਟੀ ਲੈ ਕੇ ਕਲਸ਼ ਚ ਭਰੀ ਜਾ ਰਹੀ ਹੈ, ਜਿਸ ਨੂੰ ਛੇਤੀ ਹੀ ਪ੍ਰਧਾਨ ਮੰਤਰੀ ਦਫਤਰ ਵਿਖੇ ਭੇਜਿਆ ਜਾਵੇਗਾ। ਇਸ ਦੌਰਾਨ ਗੋਰਾ ਪਠੇਲਾ ਨੇ ਲੋਕਾਂ ਨੂੰ ਭਾਜਪਾ ਵੱਲੋਂ ਜਨਹਿੱਤ 'ਚ ਚਲਾਈਆਂ ਜਾ ਰਹੀਆਂ ਯੋਜਨਾਵਾਂ ਤੋਂ ਵੀ ਜਾਣੂੰ ਕਰਵਾਇਆ। ਇਸ ਮੌਕੇ ਮੰਡਲ ਪ੍ਰਧਾਨ ਕਰਮਜੀਤ ਸਿੰਘ, ਦਿਹਾਤੀ ਪ੍ਰਧਾਨ ਪਾਲਾ ਸਿੰਘ, ਵਾਈਸ ਪ੍ਰਧਾਨ ਨਿਰਮਲ ਸਿੰਘ, ਮਸਤਾਨ ਸਿੰਘ, ਨਛੱਤਰ ਸਿੰਘ, ਗੁਰਲਾਲ ਸਿੰਘ ਆਦਿ ਮੌਜੂਦ ਸਨ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਵਿਧਾਇਕ ਦਾ ਘਿਰਾਓ ਅੱਜ ਤੋਂ

ਬੁਢਲਾਡਾ (ਅਸ਼ੋਕ ਲਾਕੜਾ)-ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੀ ਬਲਾਕ ਬੁਢਲਾਡਾ ਦੀ ਮੀਟਿੰਗ ਗੁਰਦੁਆਰਾ ਪਾਤਸ਼ਾਹੀ ਨੌਵੀਂ ਬੁਢਲਾਡਾ ਵਿਖੇ ਹੋਈ। ਇਸ ਮੀਟਿੰਗ ਵਿੱਚ ਬੀਤੇ ਦਿਨਾਂ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਆਏ ਪ੍ਰੋਗਰਾਮ ਵਿੱਚ ਸੂਬਾ ਪ੍ਰਧਾਨ ਮਨਜੀਤ ਸਿੰਘ

11-Sep-PAGE-8.qxd 9/10/2023 8:31 PM Page 1

ਪਟਵਾਰ ਯੂਨੀਅਨ ਨੇ ਕੀਤਾ ਰੋਸ ਪ੍ਰਦਰਸ਼ਨ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਮੁਲਾਜ਼ਮਾਂ ਅਤੇ ਮਜ਼ਦੂਰਾਂ ਦੇ ਸੰਵਿਧਾਨਕ ਹੱਕਾਂ ਉੱਪਰ ਡਾਕਾ ਮਾਰਨ ਲਈ ਸੂਬਾ ਸਰਕਾਰ ਵੱਲੋਂ ਜੋ ਐਸਮਾ ਐਕਟ ਲਾਗੂ ਕੀਤਾ ਗਿਆ ਹੈ, ਉਸ ਦਾ ਵਿਰੋਧ ਕਰਨ ਲਈ ਰੈਵੇਨਿਊ ਪਟਵਾਰ ਯੂਨੀਅਨ ਸੁਲਤਾਨਪੁਰ ਲੋਧੀ ਵੱਲੋਂ ਜ਼ਿਲ੍ਹਾ ਕੈਸ਼ੀਅਰ ਸੁਖਜੀਤ ਸਿੰਘ ਅਤੇ ਤਹਿਸੀਲ ਪ੍ਰਧਾਨ ਗੁਰਮੇਜ ਸਿੰਘ ਦੀ ਅਗਵਾਈ ਹੇਠ ਤਹਿਸੀਲ ਦੇ ਸਮੁੱਚੇ ਪਟਵਾਰੀਆਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਐਸਮਾ ਐਕਟ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਜ਼ਿਲ੍ਹਾ ਕੈਸ਼ੀਅਰ ਪਟਵਾਰੀ ਸੁਖਜੀਤ ਸਿੰਘ ਅਤੇ ਤਹਿਸੀਲ ਪ੍ਰਧਾਨ ਗੁਰਮੇਜ ਸਿੰਘ ਨੇ ਕਿਹਾ ਕਿ ਐਸਮਾ ਵਰਗੇ ਤਾਨਾਸ਼ਾਹੀ ਫੁਰਮਾਨ ਨੂੰ ਸਰਕਾਰ ਤਰੁੰਤ ਵਾਪਸ ਲਵੇ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਜਾਣਬੁੱਝ ਕੇ ਪਟਵਾਰੀਆਂ ਤੇ ਹੋਰ ਮੁਲਾਜ਼ਮ ਜਥੇਬੰਦੀਆਂ ਦੇ ਹੱਕੀ ਸੰਘਰਸ਼ ਨੂੰ ਰੋਕਣ ਲਈ ਕੋਝੀ ਚਾਲ ਚੱਲੀ ਹੈ, ਜਿਸ ਨੂੰ ਪਟਵਾਰ ਯੂਨੀਅਨ ਕਿਸੇ ਹਾਲਤ ਵਿੱਚ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਮਾਲ ਵਿਭਾਗ ਵਿੱਚ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਮੌਜੂਦਾ ਮੁਲਾਜ਼ਮਾਂ ਉਪਰ ਹੀ ਵਾਧੂ ਬੋਝ ਪਾਇਆ ਜਾ ਰਿਹਾ ਹੈ। ਸਰਕਾਰ ਨੇ ਉਨ੍ਹਾਂ ਉੱਪਰ ਐਸਮਾ ਵਰਗਾ ਐਕਟ ਲਾ ਕੇ ਧੋਖਾ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਸਰਕਾਰ ਬੰਦ ਕੀਤੇ ਭੱਤੇ ਤੇ ਡੀ.ਏ ਦੀਆਂ ਕਿਸ਼ਤਾਂ ਤਰੁੰਤ ਬਹਾਲ ਕਰੇ। ਪੁਰਾਣੀ ਪੈਨਸ਼ਨ ਸਕੀਮ ਨੂੰ ਵੀ ਤਰੁੰਤ ਬਹਾਲ ਕੀਤਾ ਜਾਵੇ। ਇਸ ਮੌਕੇ ਪਟਵਾਰ ਯੂਨੀਅਨ ਵੱਲੋਂ ਸਰਕਾਰ ਤੋਂ ਮੰਗ ਕੀਤੀ ਗਈ ਇਸ ਨੂੰ ਤਰੁੰਤ ਵਾਪਸ ਲਿਆ ਜਾਵੇ। ਇਸ ਮੌਕੇ ਕਾਨੂੰਨਗੋ ਰਾਜੀਵ ਖੰਨਾ, ਕਾਨੂੰਨਗੋ ਮਨੋਹਰ ਸਿੰਘ, ਪਟਵਾਰੀ ਲਵਪ੍ਰੀਤ ਸਿੰਘ, ਪਟਵਾਰੀ ਰਾਜਨਬੀਰ ਸਿੰਘ ਅਟਵਾਲ, ਸੁਨੀਲ ਕੁਮਾਰ, ਪ੍ਰਭਜੋਤ ਸਿੰਘ, ਇੰਦਰਜੀਤ ਸਿੰਘ, ਸੁਖਵਿੰਦਰ ਸਿੰਘ, ਸੁਖਵਿੰਦਰ ਰਾਮ, ਹਰਪਿੰਦਰ ਸਿੰਘ ਆਦਿ ਹਾਜ਼ਰ ਸਨ।

ਛਿੰਝ ਮੇਲਾ ਅਮਿੱਟ ਪੈੜਾਂ ਛੱਡਦਾ ਹੋਇਆ ਸਮਾਪਤ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)- ਧੰਨ ਧੰਨ ਗੁੱਗਾ ਜਾਹਰ ਪੀਰ ਅਤੇ ਬਾਪੂ ਬੇਲੀ ਰਾਮ ਝੱਮਟ ਬਹਾਦਰ ਕੇ ਵਾਲਿਆਂ ਦੀ ਯਾਦ ਵਿੱਚ ਯਾਦਗਾਰੀ ਛਿੰਝ ਮੇਲਾ ਪਿੰਡ ਖੇੜਾ (ਫਗਵਾੜਾ) ਵਿਖੇ ਸੁਖਵਿੰਦਰ ਬਿੱਲੂ ਖੇੜਾ ਅਤੇ ਮਨੋਜ ਸਿੰਘ ਹੈਪੀ ਦੀ ਅਗਵਾਈ ਵਿੱਚ ਐਨ. ਆਰ. ਆਈਜ਼ ਰਾਜੇਸ਼ ਸਪੀਡੋ, ਹੈਰੀ ਸਾਬ, ਅਸ਼ੋਕ ਮਾਹੀ, ਚਰਨਜੀਤ ਝੱਲੀ, ਉਘੇ ਸਮਾਜ ਸੇਵਕ ਧੀਰਜ ਛੋਕਰਾਂ, ਕਸ਼ਮੀਰ ਸਿੰਘ, ਮਨੋਜ ਸਿੰਘ ਹੈਪੀ, ਗੁਰਜੀਤ ਸਿੰਘ ਮਠਾਰੂ, ਮਸਕੀਨ ਸਿੰਘ ਅਤੇ ਅੰਬੇਡਕਰ ਸੈਨਾ ਪੰਜਾਬ ਤਹਿ ਫਿਲੌਰ ਪ੍ਰਧਾਨ ਦੀਪਕ ਰਸੂਲਪੁਰੀ, ਡਾ. ਬੀ.ਆਰ.ਅੰਬੇਡਕਰ ਕਲੱਬ ਅਮਰੀਕਾ ਅਤੇ ਏ.ਆਰ. ਹੈਲਪਿੰਗ ਹੈਂਡ ਫਾਊਂਡੇਸ਼ਨ ਅਮਰੀਕਾ ਦੇ ਵਿਸ਼ੇਸ਼ ਸਹਿਯੋਗ ਨਾਲ ਧੂਮਧਾਮ ਤੇ ਬੜੀ ਹੀ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ। ਛਿੰਝ ਮੇਲੇ ਵਿੱਚ ਵਿਸ਼ਵ ਦੇ ਪ੍ਰਸਿੱਧ ਪਹਿਲਵਾਨਾਂ ਨੇ ਭਾਗ ਲਿਆ ਅਤੇ ਕੁਸ਼ਤੀ ਦੇ ਜੌਹਰ ਦਿਖਾਏ। ਇਸ ਛਿੰਝ ਮੇਲੇ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਐਮ ਪੀ ਰਵਨੀਤ ਸਿੰਘ ਬਿੱਟੂ, ਐਮ ਐਲ ਏ ਬਲਵਿੰਦਰ ਸਿੰਘ ਧਾਲੀਵਾਲ, ਵਿਜੇ ਸਾਂਪਲਾ ਸਾਬਕਾ ਚੇਅਰਮੈਨ ਐਸ.ਸੀ.ਕਮਿਸ਼ਨ (ਭਾਰਤ ਸਰਕਾਰ), ਡਾਕਟਰ ਰਾਜ ਕੁਮਾਰ ਚੱਬੇਵਾਲ ਐਮ.ਐਲ.ਏ., ਸੁਰਿੰਦਰ ਢੰਡਾ ਸੂਬਾ ਪ੍ਰਧਾਨ ਅੰਬੇਡਕਰ ਸੈਨਾ ਪੰਜਾਬ, ਬਲਵਿੰਦਰ ਬੋਬੀ ਸੀਨੀਅਰ ਆਗੂ ਅੰਬੇਡਕਰ ਸੈਨਾ, ਦਵਿੰਦਰ ਕੁਲਥਮ ਹਾਜ਼ਰ ਸਨ। ਛਿੰਝ ਮੇਲੇ ਵਿੱਚ ਪਹਿਲਵਾਨ ਮਿਰਜਾ ਇਰਾਨ, ਰੋਹਿਤ ਦਿੱਲੀ ਅਤੇ ਪ੍ਰਭ ਪਾਲ ਜੋ ਕਿ ਛਿੰਝ ਮੇਲੇ ਵਿੱਚ ਜੇਤੂ ਰਹੇ ਅਤੇ ਪਹਿਲਵਾਨਾਂ ਨੂੰ ਭਾਰੀ ਇਨਾਮ ਦਿੱਤੇ ਗਏ। ਛਿੰਝ ਮੇਲੇ ਦੌਰਾਨ ਅੰਗਹੀਣ ਵਿਅਕਤੀਆਂ ਨੂੰ ਟਰਾਈ ਸਾਈਕਲ, ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਵਰਦੀਆਂ, ਬੂਟ ਤੇ ਸਕੂਲ ਵਿੱਚ ਪੜ੍ਹਦੀਆਂ ਨੌਜਵਾਨ ਲੜਕੀਆਂ ਨੂੰ ਸਾਈਕਲ, ਲੜਕੀਆਂ ਨੂੰ ਸਿਲਾਈ ਮਸ਼ੀਨਾਂ, 200 ਦੇ ਕਰੀਬ ਪਰਵਾਰਾਂ ਨੂੰ ਰਾਸ਼ਨ ਅਤੇ ਸਕੂਲੀ ਬੱਚਿਆ ਨੂੰ ਕਾਪੀਆਂ ਕਿਤਾਬਾਂ ਵੰਡੀਆਂ ਗਈਆਂ । ਇਸ ਛਿੰਝ ਮੇਲੇ ਲਈ ਸੁਖਵਿੰਦਰ ਬਿੱਲੂ ਖੇੜਾ, ਪ੍ਰਬੰਧਕ ਕਮੇਟੀ, ਐਨ ਆਰ ਆਈ ਵੀਰ ਅਤੇ ਪਿੰਡ ਵਾਸੀ ਵਧਾਈ ਦੇ ਪਾਤਰ ਹਨ ।

ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਕੋਚਿੰਗ ਸੈਂਟਰ ਦਾ ਸ਼ੁੱਭ ਆਰੰਭ 14 ਨੂੰ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਨੌਜਵਾਨ ਗ੍ਰੈਜੂਏਟ ਵਿਦਿਆਰਥੀਆਂ ਲਈ ਸਰਕਾਰੀ, ਅਰਧ ਸਰਕਾਰੀ, ਬੈਂਕਿੰਗ ਅਤੇ ਪੁਲਸ ਆਦਿਕ ਵਿਭਾਗਾਂ ਵਿਚ ਨੌਕਰੀਆਂ ਦੇ ਕੰਪੀਟੀਸ਼ਨ ਪ੍ਰੀਖਿਆ ਦੀ ਤਿਆਰੀ ਲਈ ਮੁਫਤ ਕੋਚਿੰਗ ਸੈਂਟਰ ਦਾ ਸ਼ੁੱਭ ਆਰੰਭ 14 ਸਤੰਬਰ ਨੂੰ ਖਾਲਸਾ ਸੀਨੀਅਰ ਸੈਕੰਡਰੀ ਵਿਖੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਗਏ ਕਲਾਸ ਰੂਮ ਵਿਚ ਕੀਤਾ ਜਾਵੇਗਾ। ਇਸ ਸੈਂਟਰ ਵਿਚ ਕੋਚਿੰਗ ਦੇ ਨਾਲ ਨਾਲ ਸਮੇਂ ਸਮੇਂ 'ਤੇ ਨਿਕਲਣ ਵਾਲੀਆਂ ਸਰਕਾਰੀ ਅਤੇ ਹੋਰ ਨੌਕਰੀਆਂ ਦੀ ਜਾਣਕਾਰੀ ਵੀ ਉਪਲੱਬਧ ਕਰਵਾਈ ਜਾਵੇਗੀ। ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਅਤੇ ਜਨਰਲ ਸਕੱਤਰ ਜਗਜੀਤ ਸਿੰਘ ਨੇ ਦੱਸਿਆ ਕਿ ਅੱਜ ਪੜ੍ਹੇ ਲਿਖੇ ਪੰਜਾਬੀ ਨੌਜਵਾਨ ਵਿਦਿਆਰਥੀ ਹੁਸ਼ਿਆਰ ਹੋਣ ਦੇ ਬਾਵਜੂਦ ਵੀ ਸਰਕਾਰੀ ਨੌਕਰੀਆਂ ਲਈ ਹੋਣ ਵਾਲੇ ਕੰਪੀਟੀਸ਼ਨ ਦੀ ਪੂਰੀ ਸਿਖਲਾਈ ਨਾ ਹੋਣ ਕਰਕੇ ਟੈਸਟ ਕਲੀਅਰ ਨਹੀਂ ਕਰ ਪਾਉਂਦੇ। ਉਨਾਂ ਨੂੰ ਆਪਣੇ ਦੇਸ਼ ਵਿਚ ਪੈਰਾਂ ਤੇ ਖੜਾ ਕਰਨ ਲਈ ਟ੍ਰੇਨਿੰਗ ਦੇ ਨਾਲ ਨਾਲ ਉਨਾ ਦਾ ਮਨੋਬਲ ਵਧਾਉਣ ਲਈ ਅਜਿਹੇ ਉਪਰਾਲੇ ਜਰੂਰੀ ਹਨ। ਉਨਾ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਸਰਕਾਰ ਅਤੇ ਬੈਂਕਿੰਗ ਸੈਕਟਰ ਵਲੋਂ ਕਾਫੀ ਪੋਸਟਾਂ ਕੱਢੀਆਂ ਜਾ ਰਹੀਆਂ ਹਨ ਅਤੇ ਇਹ ਕੋਚਿੰਗ ਇਨ੍ਹਾਂ ਸਿਖਿਆਰਥੀਆਂ ਲਈ ਬਹੁਤ ਲਾਭਦਾਇਕ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਅਜੇ ਤੱਕ ਇਸ ਕੋਚਿੰਗ ਲਈ ਰਜਿਸਟ੍ਰੇਸ਼ਨ ਨਹੀਂ ਕਰਵਾਈ ਉਹ ਹੁਣ ਵੀ ਅਪਲਾਈ ਕਰ ਸਕਦੇ ਹਨ। ਉਨਾ ਦੱਸਿਆ ਕਿ ਇਸ ਕੋਚਿੰਗ ਲਈ ਯੋਗ ਅਤੇ ਤਜਰਬੇਕਾਰ ਅਧਿਆਪਕਾਂ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਕੋਚਿੰਗ ਦੌਰਾਨ ਬੱਚਿਆਂ ਨੂੰ ਇੰਗਲਿਸ਼, ਕੰਪਿਊਟਰ ਐਪਟੀਚਿਊਡ, ਜਨਰਲ ਅਵੇਅਰਨੈੱਸ, ਰੀਜਨਿੰਗ ਏਬਿਲਟੀ ਆਦਿਕ ਅਲੱਗ ਅਲੱਗ ਵਿਸ਼ਿਆਂ ਦੀ ਪੜ੍ਹਾਈ ਬਿਲਕੁਲ ਮੁਫਤ ਕਰਵਾਈ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਸੁਸਾਇਟੀ ਦੇ ਸਰਪ੍ਰਸਤ ਬਲਵੰਤ ਸਿੰਘ ਸੋਇਤਾ, ਦੀਦਾਰ ਸਿੰਘ, ਜਗਦੀਪ ਸਿੰਘ ਕੈਸ਼ੀਅਰ, ਜਗਜੀਤ ਸਿੰਘ ਬਾਟਾ, ਕੁਲਜੀਤ ਸਿੰਘ, ਇੰਦਰਜੀਤ ਸਿੰਘ ਬਾਹੜਾ ਅਤੇ ਸੋਮ ਸਿੰਘ ਵੀ ਮੌਜੂਦ ਸਨ।

ਨੇਤਰਦਾਨ ਜਾਗਰੂਕਤਾ ਪੰਦਰਵਾੜੇ ਦਾ ਸਮਾਪਨ ਸਮਾਰੋਹ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਨੇਤਰਦਾਨ ਸੰਸਥਾ ਹੁਸ਼ਿਆਰਪੁਰ ਵੱਲੋਂ ਮਾਡਲ ਟਾਊਨ ਕਲੱਬ ਵਿਖੇ ਨੇਤਰਦਾਨ ਜਾਗਰੂਕਤਾ ਪੰਦਰਵਾੜੇ ਦਾ ਸਮਾਪਨ ਸਮਾਰੋਹ ਕਰਵਾਇਆ ਗਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਬ੍ਰਹਮ ਸੰਕਰ ਜਿੰਪਾ ਕੈਬਨਿਟ ਮੰਤਰੀ ਪੰਜਾਬ ਵੱਲੋਂ ਸੰਬੋਧਨ ਕਰਦੇ ਹੋਏ ਆਖਿਆ ਕਿ ਸੰਸਥਾ ਵੱਲੋਂ ਪਿਛਲੇ 23 ਸਾਲਾਂ ਤੋਂ ਬਹੁਤ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ। ਜ਼ਿਲ੍ਹੇ ਵਿੱਚ ਬਣਾਏ ਜਾ ਰਹੇ ਮੈਡੀਕਲ ਕਾਲਜ ਵਿੱਚ ਪੁਤਲੀ ਬਦਲਣ ਦੀ ਸੁਵਿਧਾ ਸਰਕਾਰ ਵੱਲੋਂ ਕਰਵਾਈ ਜਾਵੇਗੀ। ਸੰਸਥਾ ਦੇ ਪ੍ਰਧਾਨ ਸੁਰੇਸ਼ ਕਪਾਟੀਆ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਜਰਨਲ ਸਕੱਤਰ ਇੰਜੀ: ਬਲਜੀਤ ਸਿੰਘ ਪਨੇਸਰ ਵੱਲੋਂ ਸੰਸਥਾ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ ਗਈ। ਡਾ: ਗੁਰਬਖਸ਼ ਸਿੰਘ ਵਲੋਂ ਨੇਤਰਦਾਨ ਦੀ ਮੁਕੰਮਲ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਗਈ। ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਸੰਸਥਾ ਵੱਲੋਂ ਹੁਣ ਤੱਕ ਕੀਤੇ ਗਏ ਕੰਮਾਂ ਸਬੰਧੀ ਅਤੇ ਆਈਆਂ ਔਕੜਾਂ ਸਬੰਧੀ ਆਪਣੇ ਤਜਰਬੇ ਸਾਂਝੇ ਕੀਤੇ ਗਏ।

ਪ੍ਰੋਗਰਾਮ ਦੌਰਾਨ ਜ਼ਿਲ੍ਹਾ ਯੋਜਨਾ ਬੋਰਡ ਦੀ ਚੇਅਰਪਰਸਨ ਸ੍ਰੀਮਤੀ ਕਰਮਜੀਤ ਕੌਰ, ਸਿਵਲ ਸਰਜਨ ਡਾ: ਬਲਵਿੰਦਰ ਕੁਮਾਰ ਡਮਾਣਾ ਅਤੇ ਮੇਅਰ ਸੁਰਿੰਦਰ ਕੁਮਾਰ ਸ਼ਿੰਦਾ ਵਲੋਂ ਨੇਤਰ ਦਾਨ ਸਬੰਧੀ ਆਪਣੇ ਵਿਚਾਰ ਰੱਖੇ। ਇਸ ਮੌਕੇ ਦੌਰਾਨ ਨੇਤਰਦਾਨੀ ਅਤੇ ਸਰੀਰ ਦਾਨੀ ਪਰਵਾਰਾਂ ਨੂੰ ਸੰਸਥਾ ਵੱਲੋਂ ਸਨਮਾਨਿਤ ਕੀਤਾ ਗਿਆ। ਸੰਸਥਾ ਵੱਲੋਂ ਕਰਵਾਏ ਗਏ ਪੋਸਟਰ ਮੁਕਾਬਲੇ ਅਤੇ ਕਵਿਤਾ ਗਾਇਣ ਮੁਕਾਬਲੇ ਵਿੱਚ ਜੇਤੂ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਸਿੱਖਿਆ ਅਦਾਰਿਆਂ ਦੇ ਮੁੱਖੀ, ਸਮੂਹ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

ਡਾਡੀਆਂ 'ਚ ਧਾਰਮਕ ਸਮਾਗਮ ਤੇ ਛਿੰਝ ਮੇਲਾ ਅੱਜ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਪਿੰਡ ਡਾਡੀਆਂ ਵਿਖੇ ਦਰਬਾਰ ਬਾਬਾ ਗੁੱਗਾ ਜਾਹਰ ਪੀਰ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਬਾਬਾ ਗੁੱਗਾ ਜਾਹਰ ਪੀਰ ਦੀ ਯਾਦ ਵਿੱਚ ਸਾਲਾਨਾ ਧਾਰਮਕ ਸਮਾਗਮ ਅਤੇ ਛਿੰਝ 11 ਸਤੰਬਰ ਨੂੰ ਕਰਵਾਈ ਜਾ ਰਹੀ ਹੈ। ਮੁੱਖ ਸੇਵਾਦਾਰ ਬਾਬਾ ਮੋਹਣ ਸਿੰਘ ਡਾਡੀਆਂ ਨੇ ਦੱਸਿਆ ਕਿ ਬਾਬਾ ਗੁੱਗਾ ਜਾਹਰ ਪੀਰ ਸਾਲਾਨਾ ਜੋੜ ਮੇਲੇ ਸਬੰਧੀ ਬਾਬਾ ਗੁੱਗਾ ਜਾਹਰ ਪੀਰ ਦੀਆਂ ਚੌਂਕੀਆਂ ਲਗਾਈਆਂ ਗਈਆਂ। ਪ੍ਰਬੰਧਕਾਂ ਨੇ ਦੱਸਿਆ ਕਿ ਬਾਬਾ ਗੁੱਗਾ ਜਾਹਰ ਪੀਰ ਦੀ ਯਾਦ ਵਿੱਚ 11 ਸਤੰਬਰ ਨੂੰ ਪੂਜਾ ਅਰਚਨਾ ਕੀਤੀ ਜਾਵੇਗੀ। ਉਪਰੰਤ ਸਾਲਾਨਾ ਲੰਗਰ ਭੰਡਾਰਾ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ 11 ਸਤੰਬਰ ਨੂੰ ਸ਼ਾਮ 4 ਵਜੇ ਸਾਲਾਨਾ ਛਿੰਝ ਮੇਲਾ ਕਰਵਾਇਆ ਜਾ ਰਿਹਾ ਹੈ। ਸਾਲਾਨਾ ਜੋੜ ਮੇਲੇ ਮੌਕੇ ਮੁੱਖ ਮਹਿਮਾਨ ਡਾ. ਪਰਮਿੰਦਰ ਸੂਦ ਐਸ ਜੀ ਆਰ ਹਸਪਤਾਲ ਕੋਟ ਫਤੂਹੀ, ਸੰਤ ਬਾਬਾ ਕਸ਼ਮੀਰਾ ਸਿੰਘ ਡਾਡੀਆਂ, ਡਾ. ਇੰਦਰਜੀਤ ਸਿੰਘ ਭਾਮ ਹੱਡੀਆਂ ਦੇ ਮਾਹਰ ਆਦਿ ਜੇਤੂ ਅਤੇ ਉਪ ਜੇਤੂ ਪਹਿਲਵਾਨਾਂ ਨੂੰ ਸਾਂਝੇ ਤੌਰ 'ਤੇ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਸਾਲਾਨਾ ਛਿੰਝ ਮੇਲੇ ਦੀ ਕੋਠੀ ਕੇ ਐਸ ਸੰਧੂ ਚੱਬੇਵਾਲ ਕਰਨਗੇ। ਫੋਟੋ ਕੈਪਸ਼ਨ -ਪਿੰਡ ਡਾਡੀਆਂ ਵਿਖੇ ਬਾਬਾ ਗੁੱਗਾ ਜਾਹਰ ਪੀਰ ਦੀ ਯਾਦ ਵਿੱਚ ਧਾਰਮਕ ਸਮਾਗਮ ਅਤੇ ਛਿੰਝ ਮੇਲੇ ਦੀ ਬਾਬਾ ਮੋਹਣ ਸਿੰਘ ਦੀ ਜਾਣਕਾਰੀ ਦਿੰਦੇ ਹੋਏ।

ਰੀਤਾ ਅਡਵਾਲ ਨੂੰ ਮੀਤ ਪ੍ਰਧਾਨ ਬਣਾਏ ਜਾਣ 'ਤੇ ਵਾਲਮੀਕਿ ਸਮਾਜ 'ਚ ਖੁਸ਼ੀ ਦੀ ਲਹਿਰ

ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਭਗਵਾਨ ਵਾਲਮੀਕਿ ਮੰਦਰ ਚੋਈ ਬਜ਼ਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਐਡਵੋਕੇਟ ਪਰਮਿੰਦਰ ਸਿੰਘ ਘੱਗਾ ਪ੍ਰਧਾਨ ਵਾਲਮੀਕਿ ਸਭਾ ਦੀ ਪ੍ਰਧਾਨਗੀ ਹੇਠ ਅਹਿਮ ਮੀਟਿੰਗ ਹੋਈ । ਜਿਸ ਵਿੱਚ ਹਰਭਜਨ ਸਿੰਘ ਸੁੱਖੂ ਦੀਆਂ ਵਾਲਮੀਕਿ ਸਮਾਜ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਯਾਦ ਕੀਤਾ ਅਤੇ ਰੀਤਾ ਅਡਵਾਲ ਨੂੰ ਕੌਂਸਲ ਨਗਰ ਅਨੰਦਪੁਰ ਸਾਹਿਬ ਦਾ ਮੀਤ ਪ੍ਰਧਾਨ ਬਣਾਏ ਜਾਣ 'ਤੇ ਉਨ੍ਹਾਂ ਦਾ ਭਗਵਾਨ ਵਾਲਮੀਕਿ ਮੰਦਰ ਆਉਣ 'ਤੇ ਫੁੱਲਾਂ ਦੀ ਵਰਖਾ ਕੀਤੀ ਅਤੇ ਢੋਲ ਧਮਾਕਿਆਂ ਨਾਲ ਸਵਾਗਤ ਕੀਤਾ ਗਿਆ ਅਤੇ ਵਾਲਮੀਕਿ ਸਮਾਜ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਐਡਵੋਕੇਟ ਪਰਮਿੰਦਰ ਸਿੰਘ ਘੱਗਾ ਨੇ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ, ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ ਦਾ ਰੀਤਾ ਅਡਵਾਲ ਮੀਤ ਪ੍ਰਧਾਨ ਬਣਾਏ ਸਾਰੇ ਸਮਾਜ ਵਲੋਂ ਧੰਨਵਾਦ ਕੀਤਾ। ਇਸ ਮੌਕੇ ਨਿੱਕੀ ਸਰਪੰਚ ਥੱਪਲ, ਐਡਵੋਕੇਟ ਉਮੇਸ਼ ਬੈਂਸ, ਸਮਾਜ ਸੇਵੀ ਅਤੇ ਦਲਿਤ ਵਿਦਵਾਨ ਰਾਜਿੰਦਰ ਗਿੱਲ, ਰਾਜਦੀਪ ਕਾਕੂ ਸਰਪੰਚ, ਅਸ਼ੋਕ ਹੰਸ, ਅਮਰ ਨਾਥ ਨਾਥੀ, ਅਮਰੀਕ ਸਿੰਘ ਵਿੱਕੀ, ਕਸ਼ਮੀਰਾ ਸਿੰਘ, ਰਾਜ ਘਈ ਆਦਿ ਅੰਬੇਦਕਰ ਸਮਾਜ, ਸੁਨੀਲ ਅਡਵਾਲ ਪ੍ਰਧਾਨ, ਵਿਕਾਸ ਅਡਵਾਲ, ਰਾਹੁਲ ਕਨੌਜੀਆ, ਸੁਖਵਿੰਦਰ ਕੌਰ, ਅੰਜੂ ਪੰਚ, ਮੀਨੂ, ਬਲਰਾਮ ਮਾਲਿਕ, ਅਜੇ ਘੱਗ, ਸੰਜੂ ਅਟਵਾਲ ਹਾਜ਼ਰ ਸਨ।

ਫਸਲ ਦੇ ਖਰਾਬੇ ਦੀ ਭਰਪਾਈ ਕਰਵਾਈ ਜਾਵੇਗੀ : ਮਨੋਹਰ ਲਾਲ

ਚੰਡੀਗੜ੍ਹ, (ਗਰਗ) - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਹਿਸਾਰ ਜ਼ਿਲ੍ਹਾ ਦੇ ਨਾਰਨੌਂਦ ਖੇਤਰ ਵਿਚ ਬਰਸਾਤ ਨਾ ਹੋਣ ਦੀ ਵਜ੍ਹਾ ਨਾਲ ਖਰਾਬ ਹੋਈ ਫਸਲਾਂ ਦੀ ਗਿਰਦਾਵਰੀ ਕਰ ਮੁੱਲਾਂਕਣ ਕਰਨ ਦੇ ਆਦੇਸ਼ ਦਿੱਤੇ। ਉਨ੍ਹਾ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਖਰਾਬ ਹੋਈ ਫਸਲ ਦੀ ਭਰਪਾਈ ਹੋਵੇਗੀ।

ਮੁੱਖ ਮੰਤਰੀ ਦੇ ਸਾਹਮਣੇ ਖੇਤਰ ਦੇ ਕਿਸਾਨ

11-Sep-PAGE-9.qxd 9/10/2023 8:31 PM Page 1

50 ਕਿਲੋ ਦੀ ਖੇਪ 'ਚੋਂ 43.5 ਕਿਲੋ ਹੈਰੋਇਨ ਕੀਤੀ ਬਰਾਮਦ; ਪੰਜ ਵਿਅਕਤੀ ਗ੍ਰਿਫ਼ਤਾਰ

ਜਲੰਧਰ,ਗੁਰਾਇਆ (ਸ਼ੈਲੀ ਐਲਬਰਟ, ਬਿੰਦਰ ਸੁਮਨ)-ਪੰਜਾਬ ਪੁਲਸ ਨੇ ਗ੍ਰਿਫ਼ਤਾਰ ਨਾਮੀ ਨਸ਼ਾ ਤਸਕਰ ਮਲਕੀਅਤ ਸਿੰਘ ਉਰਫ ਕਾਲੀ ਵੱਲੋਂ ਆਪਣੇ ਪਿੰਡ ਟੇਂਡੀ ਵਾਲਾ ਵਿਖੇ ਦੱਸੇ ਦੋ ਟਿਕਾਣਿਆਂ (ਹਰੇਕ ਟਿਕਾਣੇ ਤੋਂ 6-6 ਕਿਲੋ) ਤੋਂ 12 ਕਿੱਲੋ ਹੈਰੋਇਨ ਦੀ ਖੇਪ ਬਰਾਮਦ ਕੀਤੀ। ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਇਹ ਸਫ਼ਲਤਾ ਜਲੰਧਰ ਦਿਹਾਤੀ ਪੁਲਸ ਵੱਲੋਂ ਨਸ਼ਾ ਤਸਕਰ ਮਲਕੀਅਤ ਕਾਲੀ ਨੂੰ 9 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਤੋਂ ਦੋ ਦਿਨ ਬਾਅਦ ਮਿਲੀ ਹੈ। ਦੱਸਣਯੋਗ ਹੈ ਕਿ ਸਿਰਫ 48 ਘੰਟਿਆਂ ਵਿੱਚ ਹੈਰੋਇਨ ਦੀ ਕੁੱਲ ਬਰਾਮਦਗੀ 21 ਕਿਲੋ ਹੋ ਗਈ ਹੈ। ਇਹ ਬਰਾਮਦਗੀ 50 ਕਿਲੋਗ੍ਰਾਮ ਹੈਰੋਇਨ ਦੀ ਖੇਪ, ਜੋ ਨਸ਼ਾ ਤਸਕਰ ਮਲਕੀਅਤ ਕਾਲੀ ਦੇ ਇਸ਼ਾਰੇ 'ਤੇ ਤਿੰਨ ਤੈਰਾਕਾਂ ਦੁਆਰਾ ਪਾਕਿਸਤਾਨ ਤੋਂ ਲਿਆਂਦੀ ਗਈ ਸੀ, ਦਾ ਹੀ ਹਿੱਸਾ ਹੈ। ਪੁਲਸ ਟੀਮਾਂ ਨੇ ਇੱਕ ਤੈਰਾਕ ਜੋਗਾ ਸਿੰਘ ਸਮੇਤ ਘੱਟੋ-ਘੱਟ 5 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਪ੍ਰਭਾਵਸ਼ਾਲੀ ਢੰਗ ਨਾਲ ਹੁਣ ਤੱਕ 43.5 ਕਿਲੋ ਹੈਰੋਇਨ ਬਰਾਮਦ ਕੀਤੀ ਹੈ, ਜਦਕਿ ਬਾਕੀ ਦੋ ਤੈਰਾਕਾਂ ਗੁਰਦੀਪ ਸਿੰਘ ਉਰਫ ਰੰਗੀ ਅਤੇ ਗੁਰਵਿੰਦਰ ਸਿੰਘ ਉਰਫ ਮਸਤੰਗੀ ਦੋਵੇਂ ਵਾਸੀ ਪਿੰਡ ਟੇਂਡੀਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਐਸ.ਐਸ.ਪੀ ਜਲੰਧਰ ਦਿਹਾਤੀ ਮੁਖਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਦੋਸ਼ੀ ਮਲਕੀਅਤ ਕਾਲੀ ਨੇ ਖੁਲਾਸਾ ਕੀਤਾ ਕਿ ਸੌਦੇ ਅਨੁਸਾਰ ਖੇਪ ਵੇਚਣ ਤੋਂ ਬਾਅਦ ਇਨ੍ਹਾਂ ਤੈਰਾਕਾਂ ਨੂੰ 1 ਕਰੋੜ ਰੁਪਏ (2 ਲੱਖ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ) ਦਿੱਤੇ ਕੀਤੇ ਜਾਣੇ ਸਨ, ਜਦਕਿ ਪਾਕਿ-ਅਧਾਰਤ ਹੈਦਰ ਅਲੀ ਨੂੰ ਹਵਾਲਾ ਜ਼ਰੀਏ 5 ਕਰੋੜ ਰੁਪਏ (10 ਲੱਖ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ) ਭੇਜੇ ਜਾਣੇ ਸਨ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਤਕਰੀਬਨ 6.5 ਕਿਲੋ ਹੈਰੋਇਨ ਮੁਲਜ਼ਮ ਰੰਗੀ ਅਤੇ ਮਸਤੰਗੀ ਕੋਲ ਹੈ ਅਤੇ ਪੁਲਸ ਟੀਮਾਂ ਦੋਵਾਂ ਭਗੌੜੇ ਨਸ਼ਾ ਤਸਕਰਾਂ ਨੂੰ ਫੜਨ ਲਈ ਛਾਪੇਮਾਰੀ ਕਰ ਰਹੀਆਂ ਹਨ। ਇਸ ਸੰਬੰਧੀ ਥਾਣਾ ਗੁਰਾਇਆ ਵਿਖੇ ਐਫ.ਆਈ.ਆਰ. ਪਹਿਲਾਂ ਹੀ ਦਰਜ ਹੈ। ਜਲੰਧਰ ਦਿਹਾਤੀ ਪੁਲਸ ਨੇ ਪਾਕਿਸਤਾਨ ਤੋਂ 50 ਕਿਲੋ ਹੈਰੋਇਨ ਦੀ ਖੇਪ ਲਿਆਉਣ ਲਈ ਤਿੰਨ ਤੈਰਾਕਾਂ ਨੂੰ ਭੇਜਣ ਵਾਲੇ ਵੱਡੇ ਨਸ਼ਾ ਤਸਕਰ ਮਲਕੀਅਤ ਸਿੰਘ ਉਰਫ ਕਾਲੀ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸ ਦੇ ਕਬਜ਼ੇ ਵਿੱਚੋਂ 21 ਕਿਲੋ (9 ਕਿਲੋ + 12 ਕਿਲੋ) ਹੈਰੋਇਨ ਬਰਾਮਦ ਕੀਤੀ। ਜਲੰਧਰ ਦਿਹਾਤੀ ਪੁਲਸ ਨੇ ਨਸ਼ਾ ਤਸਕਰ ਜੋਗਾ ਸਿੰਘ, ਜੋ ਹੈਰੋਇਨ ਦੀ ਖੇਪ ਲੈਣ ਲਈ ਤੈਰ ਕੇ ਪਾਕਿਸਤਾਨ ਦੇ ਅਧਿਕਾਰ ਖੇਤਰ ਵਿੱਚ ਗਿਆ ਸੀ, ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 8 ਕਿਲੋ ਹੈਰੋਇਨ ਬਰਾਮਦ ਕੀਤੀ ।

ਐਸ.ਐਸ.ਓ.ਸੀ. ਅੰਮ੍ਰਿਤਸਰ ਨੇ ਨਸ਼ਾ ਤਸਕਰ ਸ਼ਿੰਦਰ ਸਿੰਘ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ 'ਚੋਂ 13 ਕਿਲੋ ਹੈਰੋਇਨ ਅਤੇ 1.5 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਦੋ ਸਾਥੀਆਂ ਜਿਸ ਵਿੱਚ ਮਹਿਲਾ ਨਸ਼ਾ ਤਸਕਰ ਅਮਨਦੀਪ ਕੌਰ ਸ਼ਾਮਲ ਹੈ, ਨੂੰ 1 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਤੋਂ ਇਲਾਵਾ ਇੱਕ ਹੋਰ ਨਸ਼ਾ ਤਸਕਰ ਸ਼ਿੰਦਰਪਾਲ ਉਰਫ ਪੱਪੂ ਨੂੰ ਮਹਿਤਪੁਰ ਤੋਂ 500 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ।

ਕਿਰਤੀ ਕਿਸਾਨ ਯੂਨੀਅਨ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਕਿਰਤੀ ਕਿਸਾਨ ਯੂਨੀਅਨ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਸੂਬਾ ਆਗੂ ਹਰਮੇਸ਼ ਸਿੰਘ ਢੇਸੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਵਾਹਗਾ ਅਤੇ ਹੁਸੈਨੀਵਾਲਾ ਰਸਤੇ ਪਾਕਿਸਤਾਨ ਨਾਲ ਵਪਾਰਕ ਰਸਤਾ ਖੁੱਲ੍ਹਵਾਉਣ ਲਈ ਕੀਤੀਆਂ ਜਾ ਰਹੀਆਂ ਜ਼ਿਲ੍ਹਾ ਪੱਧਰੀ ਰੈਲੀਆਂ ਦੀ ਲੜੀ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਦੀ ਰੈਲੀ ਪਿੰਡ ਡਾਨਸੀਵਾਲ ਵਿਖੇ ਕੀਤੀ ਜਾਵੇਗੀ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦੁਵਾਉਣ ਅਤੇ ਹੋਰ ਕਿਸਾਨੀ ਮੰਗਾਂ ਨੂੰ ਲੈ ਕੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੀ ਕੋਠੀ ਅੱਗੇ ਲਗਾਏ ਜਾ ਰਹੇ 11 ਤੋਂ 13 ਸਤੰਬਰ ਦੇ ਦਿਨ ਰਾਤ ਦੇ ਧਰਨੇ ਵਿੱਚ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਭਿੰਡਰ ਅਤੇ ਜ਼ਿਲ੍ਹਾ ਸਕੱਤਰ ਕੁਲਵਿੰਦਰ ਸਿੰਘ ਚਾਹਲ ਨੇ ਕਿਹਾ ਕਿ ਕੇਂਦਰ ਸਰਕਾਰ ਵਾਹਗਾ ਅਤੇ ਹੁਸੈਨੀਵਾਲਾ ਰਾਹੀਂ ਵਪਾਰ ਕਰਨ ਦੀ ਬਜਾਏ ਅਡਾਨੀ ਦੀ ਬੰਦਰਗਾਹ ਰਾਹੀਂ ਪਾਕਿਸਤਾਨ ਨਾਲ ਵਪਾਰ ਕਰ ਰਹੀ ਹੈ ਜਿਸ ਦਾ ਲਾਭ ਆਮ ਲੋਕਾਂ ਦੀ ਬਜਾਏ ਕਾਰਪੋਰੇਟ ਘਰਾਣਿਆਂ ਨੂੰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਰਸਤਾ ਖੁੱਲ੍ਹਦਾ ਹੈ ਤਾਂ ਕਿਸਾਨਾਂ ਤੋਂ ਇਲਾਵਾ ਮਜ਼ਦੂਰਾਂ ਅਤੇ ਟਰਾਂਸਪੋਰਟਰਾਂ ਨੂੰ ਇਸ ਦਾ ਚੋਖਾ ਲਾਭ ਮਿਲੇਗਾ। ਕਿਸਾਨ ਆਗੂਆਂ ਮੰਗ ਕੀਤੀ ਕੇ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਤੁਰੰਤ ਜਾਰੀ ਕੀਤਾ ਜਾਵੇ। ਅੱਜ ਦੀ ਮੀਟਿੰਗ ਵਿੱਚ ਜ਼ਿਲ੍ਹਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਭੁੰਗਰ, ਪ੍ਰੈਸ ਸਕੱਤਰ ਤੇਜਿੰਦਰ ਸਿੰਘ, ਰਾਮਜੀਤ ਸਿੰਘ ਦੇਣੇਵਾਲ ਕਲਾਂ, ਵਿੱਤ ਸਕੱਤਰ ਸਤਨਾਮ ਸਿੰਘ, ਦਰਸ਼ਨ ਸਿੰਘ ਖਨੂਰ ਪਰਮਜੀਤ ਸਿੰਘ ਬਾਬਾ, ਸੁਰਜੀਤ ਸਿੰਘ, ਜਸਵੀਰ ਸਿੰਘ ਆਦਿ ਆਗੂ ਹਾਜ਼ਰ ਸਨ।

ਬਲਾਕ ਪੱਧਰੀ ਖੇਡ ਮੁਕਾਬਲਿਆਂ ਦੇ ਆਖਰੀ ਦਿਨ ਖਿਡਾਰੀਆਂ 'ਚ ਰਿਹਾ ਭਾਰੀ ਉਤਸ਼ਾਹ

ਐਸ.ਏ.ਐਸ ਨਗਰ, (ਗੁਰਜੀਤ ਬਿੱਲਾ)- ਖੇਡਾਂ ਵਤਨ ਪੰਜਾਬ ਦੀਆਂ 2023 ਦੇ ਸੀਜ਼ਨ-2 ਦੇ ਆਗਾਜ਼ ਉਪਰੰਤ ਮੋਹਾਲੀ ਬਲਾਕ 'ਚ 7 ਸਤੰਬਰ ਤੋਂ 9 ਸਤੰਬਰ ਤੱਕ ਖਿਡਾਰੀਆਂ ਨੇ ਵੱਖ-ਵੱਖ ਖੇਡਾਂ ਵਿੱਚ ਵੱਧ ਚੜ੍ਹ ਕੇ ਭਾਗ ਲਿਆ। ਜ਼ਿਲ੍ਹਾ ਖੇਡ ਅਫਸਰ ਗੁਰਦੀਪ ਕੌਰ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਦੌਰਾਨ ਖਿਡਾਰੀਆਂ ਵਿੱਚ ਕਾਫੀ ਉਤਸ਼ਾਹ ਪਾਇਆ ਗਿਆ। ਖੇਡਾਂ ਦੇ ਅਖੀਰਲੇ ਦਿਨ ਫਾਈਨਲ ਮੁਕਾਬਲਿਆਂ ਵਿੱਚ ਖਿਡਾਰੀਆਂ ਵਿੱਚ ਫਸਵੇਂ ਮੁਕਾਬਲੇ ਹੋਏ, ਜਿਸਦੇ ਨਤੀਜੇ ਇਸ ਪ੍ਰਕਾਰ ਹਨ - ਅਥਲੈਟਿਕਸ 200 ਮੀਟਰ ਅੰਡਰ 21-30 ਲੜਕੇ ਵਰਗ ਵਿੱਚ ਪਹਿਲਾ ਸਥਾਨ ਕਰਨ ਕੁਮਾਰ, ਦੂਜਾ ਆਦਿੱਤਿਆ ਅਤੇ ਤੀਜਾ ਸਥਾਨ ਅਕਰਸ਼ਿਤ ਚੱਢਾ ਨੇ ਪ੍ਰਾਪਤ ਕੀਤਾ। 200 ਮੀਟਰ ਅੰਡਰ 41-55 ਔਰਤਾਂ ਵਰਗ ਵਿੱਚ ਪਹਿਲਾ ਸਥਾਨ ਬਲਪ੍ਰੀਤ ਕੌਰ, ਦੂਜਾ ਸਥਾਨ ਪੂਜਾ ਰਾਣੀ ਅਤੇ ਤੀਜਾ ਸਥਾਨ ਅਵਨੀਧਾ ਗੁਪਤਾ ਨੇ ਪ੍ਰਾਪਤ ਕੀਤਾ। 200 ਮੀਟਰ ਅੰਡਰ 31-40 ਔਰਤਾਂ ਵਰਗ ਵਿੱਚ ਪਹਿਲਾ ਬਲਜੀਤ ਕੌਰ, ਦੂਜਾ ਸਤਨਾਮ ਕੌਰ ਅਤੇ ਤੀਜਾ ਸਥਾਨ ਮਨਪ੍ਰੀਤ ਕੌਰ ਨੇ ਪ੍ਰਾਪਤ ਕੀਤਾ। 3000 ਮੀਟਰ ਵਾਕ 31-40 ਸਾਲ ਔਰਤ ਵਰਗ ਵਿਚ ਪਹਿਲਾ ਜੈਸਮੀਨ ਕੌਰ, ਦੂਜਾ ਸਥਾਨ ਨਵਨੀਤਾ ਨੇ ਪ੍ਰਾਪਤ ਕੀਤਾ। 3000 ਮੀਟਰ ਵਾਕ 56-65 ਔਰਤ ਵਰਗ ਵਿਚ ਪਹਿਲਾ ਸਥਾਨ ਲਖਵਿੰਦਰ ਕੌਰ ਅਤੇ ਦੂਜਾ ਡਾ. ਅਰਚਨਾ ਅਤੇ ਤੀਜਾ ਸਥਾਨ ਨਰਿੰਦਰ ਕੌਰ ਨੇ ਪ੍ਰਾਪਤ ਕੀਤਾ। 800 ਮੀਟਰ ਅੰਡਰ 31-40 ਔਰਤਾਂ ਵਰਗ ਵਿੱਚ ਪਹਿਲਾ ਮਨਵੀਰ ਕੌਰ, ਦੂਜਾ ਸਤਨਾਮ ਕੌਰ, ਤੀਜਾ ਸਥਾਨ ਕਿਰਨਦੀਪ ਕੌਰ ਨੇ ਪ੍ਰਾਪਤ ਕੀਤਾ। 800 ਮੀਟਰ ਅੰਡਰ 41-55 ਮਰਦ ਵਰਗ ਵਿੱਚ ਪਹਿਲਾ ਵਿਸ਼ਵਾਜੀਤ, ਦੂਜਾ ਹਰਦੀਪ ਸਿੰਘ ਅਤੇ ਤੀਜਾ ਸਥਾਨ ਦਰਸ਼ਨ ਸਿੰਘ ਨੇ ਪ੍ਰਾਪਤ ਕੀਤਾ। 100 ਮੀਟਰ ਅੰਡਰ 56-65 ਸਾਲ ਔਰਤਾਂ ਦੇ ਵਰਗ ਵਿੱਚ ਪਹਿਲਾ ਸਥਾਨ ਡਾ. ਅਰਚਨਾ ਗੁਪਤਾ ਅਤੇ ਦੂਜਾ ਸਥਾਨ ਨਰਿੰਦਰ ਕੌਰ ਨੇ ਪ੍ਰਾਪਤ ਕੀਤਾ। ਸ਼ਾਟਪੁੱਟ 56-65 ਸਾਲ ਔਰਤ ਵਰਗ ਵਿੱਚ ਪਹਿਲਾ ਨੀਲਮ ਰਾਣੀ, ਦੂਜਾ ਮਹਿੰਦਰ ਕੌਰ ਅਤੇ ਲਖਵਿੰਦਰ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲਾਂਗ ਜੰਪ ਅੰਡਰ 41-55 ਔਰਤ ਵਰਗ ਵਿੱਚ ਪਹਿਲਾ ਰਾਜ ਰਾਣੀ, ਦੂਜਾ ਕੰਵਲਜੀਤ ਕੌਰ ਅਤੇ ਬੰਧਨਜੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਫੁੱਟਬਾਲ ਅੰਡਰ 14 ਲੜਕੇ 'ਚ ਫਾਈਨਲ ਪਹਿਲਾ ਕੋਚਿੰਗ ਸੈਂਟਰ ਸੈਕਟਰ 78, ਦੂਜਾ ਸ਼ੈਮਰੋਕ ਸਕੂਲ, ਤੀਜਾ ਸਥਾਨ ਵਿਵੇਕ ਹਾਈ ਸਕੂਲ ਨੇ ਪ੍ਰਾਪਤ ਕੀਤਾ। ਅੰਡਰ 17 ਲੜਕੇ ਫਾਈਨਲ ਪਹਿਲਾ ਸਥਾਨ ਕੋਚਿੰਗ ਸੈਂਟਰ ਸੈਕਟਰ 78, ਦੂਜਾ ਬੀ.ਐਸ.ਐਚ ਆਰੀਆ ਸਕੂਲ ਅਤੇ ਤੀਜਾ ਸਥਾਨ ਸ਼ੈਮਰੋਕ ਸਕੂਲ ਨੇ ਪ੍ਰਾਪਤ ਕੀਤਾ।

ਘੋਸੀ ਵਿਧਾਨ ਸਭਾ ਦਾ ਨਤੀਜਾ 2024 ਦੀ ਜਿੱਤ ਦਾ ਸੰਕੇਤ : ਅੰਜਾਨ

ਕਾਮਰੇਡ ਅਤੁਲ ਅਨਜਾਨ

ਸ਼ਾਹਕੋਟ (ਗਿਆਨ ਸੈਦਪੁਰੀ)-ਘੋਸੀ ਵਿਧਾਨ ਸਭਾ ਦਾ ਨਤੀਜਾ 2024 ਦੀ ਜਿੱਤ ਦਾ ਸੰਕੇਤ ਹੈ। ਉੱਤਰ ਪ੍ਰਦੇਸ਼ ਦੀਆਂ 80 ਵਿਚੋਂ ਇੰਡੀਆ ਭਾਰੀ ਸੀਟਾਂ ਜਿੱਤੇਗਾ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਕੌਮੀ ਸਕੱਤਰ ਕਾਮਰੇਡ ਅਤੁਲ ਅਨਜਾਨ ਨੇ ਪ੍ਰੈੱਸ ਦੇ ਨਾਂ ਇਕ ਲਿਖਤੀ ਬਿਆਨ ਵਿੱਚ ਕੀਤਾ। ਉਨ੍ਹਾ ਕਿਹਾ ਕਿ 42 ਹਜ਼ਾਰ ਤੋਂ ਵੱਧ ਵੋਟਾਂ ਦੀ ਜਿੱਤ ਸਮਾਜਵਾਦੀ, ਕਾਂਗਰਸ ਅਤੇ ਖੱਬੀਆਂ ਧਿਰਾਂ ਨੂੰ ਹੁਲਾਰੇ ਵਿੱਚ ਲੈ ਆਈ ਹੈ। ਉਨ੍ਹਾ ਕਿਹਾ ਕਿ ਫਿਰਕਾਪ੍ਰਸਤ ਗੱਠਜੋੜ ਨੂੰ ਹਰਾਉਣ ਲਈ ਇੰਡੀਆ ਮੈਦਾਨ ਵਿੱਚ ਉਤਰਿਆ ਹੈ। ਕਾਮਰੇਡ ਅੰਜਾਨ ਨੇ ਮੋਦੀ-ਯੋਗੀ ਦੀਆਂ ਨੀਤੀਆਂ ਨੂੰ ਰੱਦ ਕਰਨ ਲਈ ਲੋਕਾਂ ਨੂੰ ਵਧਾਈ ਦਿੱਤੀ ਹੈ।

ਰਣਜੀਤ ਕੌਰ ਟਰੰਟੋ ਦੇ ਗੀਤਾਂ ਦੀ ਐਲਬਮ ਰਿਲੀਜ਼

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਅਣਛੁਹੇ ਵਿਸ਼ਿਆਂ ਨੂੰ ਵਿਲੱਖਣ ਢੰਗ ਨਾਲ ਲੋਕਾਂ ਦੇ ਰੂ-ਬਰੂ ਕਰਨ ਵਾਲੀ ਕਵਿਤਰੀ/ਗਾਇਕਾ ਰਣਜੀਤ ਕੌਰ ਟਰੰਟੋ ਪਹਿਲੀ ਵਾਰ ਆਪਣੇ ਗੀਤ ਤਾਰੇ ਸਿਤਾਰੇ ਦੀ ਵੀਡੀਉ ਵਿੱਚ ਦਿਖਾਈ ਦੇਵੇਗੀ । ਇਸ ਗੀਤ ਦਾ ਮਿਊਜ਼ਿਕ ਜੱਸੀ ਭੋਗਲ ਤੇ ਵੀਡੀਉ ਸਿੰਘ ਕਲਰ ਲੈਬ ਪ੍ਰੋਡਕਸ਼ਨ ਕੰਪਨੀ ਨੇ ਬਣਾਈ ਹੈ। ਇਹ ਗੀਤ ਰਣਜੀਤ ਕੌਰ ਦੀ ਹਾਲ ਹੀ ਵਿੱਚ ਰਿਲੀਜ਼ ਹੋਈ ਐਲਬਮ ਇੰਡ ਲਿਸ ਵਿੱਚੋਂ ਹੈ, ਜਿਸ ਵਿੱਚ ਰਣਜੀਤ ਕੌਰ ਨੇ ਵਿਆਹ ਪਿੱਛੋਂ ਹੁਨਰ ਭਰਪੂਰ ਔਰਤਾਂ ਨੂੰ ਆ ਰਹੀਆਂ ਔਕੜਾਂ ਦੇ ਮਸਲੇ ਨੂੰ ਪਿਆਰ ਮੁਹੱਬਤ ਨਾਲ ਹੱਲ ਕਰਨ ਦੇ ਸੰਕੇਤ ਦਿੱਤੇ ਹਨ।

ਦੇਨੋਵਾਲ ਖੁਰਦ-ਬਸਤੀ ਸਾਂਸੀਆਂ 'ਚ ਸਲਾਨਾ ਛਿੰਝ ਮੇਲਾ

ਮਾਹਿਲਪੁਰ (ਸਫਰੀ)- ਪਿੰਡ ਦੇਨੋਵਾਲ ਖੁਰਦ ਤੇ ਬਸਤੀ ਸਾਂਸੀਆਂ ਦੀ ਪੰਚਾਇਤ ਅਤੇ ਐਨ.ਆਰ.ਆਈਜ਼ ਦੇ ਵਿਸ਼ੇਸ਼ ਸਹਿਯੋਗ ਨਾਲ ਸਲਾਨਾ ਛਿੰਝ ਮੇਲਾ ਕਰਵਾਇਆ ਗਿਆ। ਜਾਣਕਾਰੀ ਦਿੰਦਿਆਂ ਸਰਪੰਚ ਜਤਿੰਦਰ ਜੋਤੀ ਨੇ ਦੱਸਿਆ ਕਿ ਇਸ ਮੌਕੇ ਵੱਡੀ ਗਿਣਤੀ ਇਲਾਕੇ ਦੇ ਪਹਿਲਵਾਨਾਂ ਨੇ ਆਪਣੀ ਤਾਕਤ ਦੇ ਜੌਹਰ ਵਿਖਾਏ। ਇਸ ਮੌਕੇ ਪਿੰਡ ਦੇ ਛੋਟੇ ਬੱਚਿਆਂ ਨੇ ਵੀ ਕੁਸ਼ਤੀਆਂ 'ਚ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਕੁਸ਼ਤੀ ਮੁਕਾਬਲਿਆਂ 'ਚ ਜੇਤੂ ਪਹਿਲਵਾਨਾਂ ਨੂੰ ਪ੍ਰਬੰਧਕਾਂ ਵੱਲੋਂ ਸਾਈਕਲ ਅਤੇ ਨਗਦ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ ਅਤੇ ਉਪ ਜੇਤੂਆਂ ਨੂੰ ਨਗਦ ਇਨਾਮ ਦਿੱਤੇ ਗਏ। ਇਸ ਮੌਕੇ ਦੋਵਾਂ ਪਿੰਡਾਂ ਦੀਆਂ ਪੰਚਾਇਤਾਂ ਤੋਂ ਇਲਾਵਾ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਗੁਰੂ ਨਾਨਕ ਖਾਲਸਾ ਕਾਲਜ 'ਚ ਅਧਿਆਪਕ ਦਿਵਸ ਮਨਾਇਆ

ਸੁਲਤਾਨਪੁਰ ਲੋਧੀ, (ਹਨੀ)- ਗੁਰੂ ਨਾਨਕ ਖਾਲਸਾ ਕਾਲਜ, ਸੁਲਤਾਨਪੁਰ ਲੋਧੀ ਵਿਖੇ ਵੱਖ ਵੱਖ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਅਧਿਆਪਕਾਂ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਕਰਦਿਆਂ ਅਧਿਆਪਕ ਦਿਵਸ ਦਾ ਆਯੋਜਨ ਕੀਤਾ ਗਿਆ । ਇਸ ਮੌਕੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਧਿਆਪਕ ਦਾ ਮਨੁੱਖ ਦੀ ਜ਼ਿੰਦਗੀ ਵਿੱਚ ਬਹੁਤ ਵੱਡਾ ਰੋਲ ਹੈ। ਇਸ ਮੌਕੇ ਉਨ੍ਹਾਂ ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਨੂੰ ਯਾਦ ਕਰਦਿਆਂ ਸਮੂਹ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਵਿਦਿਆਰਥੀਆਂ ਨੇ ਅਧਿਆਪਕਾਂ ਨੂੰ ਵੱਖ ਵੱਖ ਗੇਮਜ਼ ਖਿਡਾਈਆਂ। ਇਸ ਮੌਕੇ ਕਾਲਜ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਇੰਜ. ਸਵਰਨ ਸਿੰਘ ਅਤੇ ਸਕੱਤਰ ਗੁਰਪ੍ਰੀਤ ਕੌਰ (ਆਂਤਰਿਕ ਮੈਂਬਰ ਐਸ.ਜੀ.ਪੀ.ਸੀ.) ਨੇ ਕਾਲਜ ਦੇ ਸਮੂਹ ਅਧਿਆਪਕਾਂ ਨੂੰ ਵਧਾਈ ਦਿੱਤੀ । ਇਸ ਮੌਕੇ ਡਾ.ਮਨੀ ਛਾਬੜਾ ਤੋਂ ਇਲਾਵਾ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।

ਪੰਜਾਬ ਪੈਨਸ਼ਨਰਜ਼ ਮਹਾਂ ਸੰਘ ਦੇ ਮੈਂਬਰਾਂ ਦੀ ਮੀਟਿੰਗ

ਚਮਕੌਰ ਸਾਹਿਬ , (ਗੁਰਵਿੰਦਰਪਾਲ ਸਿੰਘ ਬੌਬੀ)-ਪੰਜਾਬ ਪੈਨਸ਼ਨਰਜ਼ ਮਹਾਂ ਸੰਘ ਦੇ ਮੈਂਬਰਾਂ ਦੀ ਮੀ

11-SEP-PAGE-1.qxd 9/10/2023 8:24 PM Page 2

ਸ ਸ ਸ ਸਕੂਲ ਬੁੱਟਰ ਲੜਕੇ 'ਚ ਇੱਕ ਰੋਜ਼ਾ ਜਾਗਰੂਕਤਾ ਮਿਸ਼ਨ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਅੱਜ ਭਾਰਤੀ ਮਾਨਕ ਬਿਊਰੋ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁੱਟਰ ਲੜਕੇ ਜ਼ਿਲ੍ਹਾ ਮੋਗਾ ਵਿੱਚ ਇੱਕ ਰੋਜ਼ਾ ਜਾਗਰੂਕਤਾ ਮਿਸ਼ਨ ਦਾ ਉਪਰਾਲਾ ਕੀਤਾ ਗਿਆ। ਸਮਾਰੋਹ ਦਾ ਆਗਾਜ਼ ਸੁਰੇਸ਼ ਜੈਨ ਨੇ ਭਾਰਤ ਮਾਤਾ ਦੀ ਆਰਤੀ ਕਰਕੇ ਕੀਤਾ ਅਤੇ ਬੱਚਿਆਂ ਨੂੰ ਭਾਰਤੀ ਮਾਨਕ ਬਿਊਰੋ ਦੇ ਅਧਿਕਾਰਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਬੱਚਿਆਂ ਨੂੰ ਜਾਗਰੂਕ ਕੀਤਾ ਕਿ ਕਿਸੇ ਵੀ ਵਸਤੂ ਜਾਂ ਖਾਣ ਵਾਲੇ ਪਦਾਰਥਾਂ ਦੀ ਗੁਣਵੱਤਾ ਦੇ ਮਾਪਦੰਡ ਕਾਨੂੰਨਨ ਕੀ ਹੋਣੇ ਚਾਹੀਦੇ ਹਨ ਅਤੇ ਸਰਕਾਰ ਵੱਲੋਂ ਨਿਰਧਾਰਤ ਕੀਤੇ ਮਾਪਦੰਡਾਂ ਦੀ ਉਲੰਘਣਾ ਕਰਨ ਵਾਲੇ ਨੂੰ ਕਾਨੂੰਨ ਮੁਤਾਬਕ ਕੀ ਕੀ ਧਾਰਾਵਾਂ ਲਾਗੂ ਹੁੰਦੀਆਂ ਹਨ। ਸੁਰੇਸ਼ ਜੈਨ ਵੱਲੋਂ ਬੱਚਿਆਂ ਦਾ ਲਿਖਤੀ ਟੈਸਟ ਲਿਆ ਗਿਆ ਅਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਨਿਹਾਰਿਕਾ ਸਾਇੰਸ ਮਿਸਟ੍ਰੈਸ ਅਤੇ ਤਨਜੀਤ ਕੌਰ ਸਾਇੰਸ ਮਿਸਟ੍ਰੈਸ ਨਾਲ ਵਿਚਾਰ ਵਿਮਰਸ਼ ਕਰਦਿਆਂ ਜੈਨ ਨੇ ਦੱਸਿਆ ਕਿ ਬੱਚੇ ਬਹੁਤ ਹੀ ਲਾਇਕ ਅਤੇ ਲਗਨ ਵਾਲੇ ਹਨ। ਸਕੂਲ ਇੰਚਾਰਜ ਕੰਵਲਜੀਤ ਕੌਰ ਨੇ ਦੱਸਿਆ ਕਿ ਬੱਚਿਆਂ ਨੂੰ ਆਪਣੀ ਮੰਜ਼ਲ 'ਤੇ ਪਹੁੰਚਾਉਣ ਲਈ ਸਕੂਲ ਸਟਾਫ ਹਮੇਸ਼ਾ ਹੀ ਤਤਪਰ ਰਹੇਗਾ।

ਛੀਨੀਵਾਲ ਕਲਾਂ 'ਚ ਨਸ਼ਿਆਂ ਖਿਲਾਫ ਮੀਟਿੰਗ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪਿੰਡ ਛੀਨੀਵਾਲ ਕਲਾਂ ਵਿਖੇ ਥਾਣਾ ਮਹਿਲ ਕਲਾਂ ਦੇ ਮੁਖੀ ਇੰਸਪੈਕਟਰ ਕਮਲਜੀਤ ਸਿੰਘ ਗਿੱਲ ਨੇ ਲੋਕਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਚਿੱਟੇ ਵਰਗੇ ਦੈਂਤ ਨੂੰ ਖਤਮ ਕਰਨ ਲਈ ਪੁਲਸ ਨੂੰ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਜੇਕਰ ਕੋਈ ਵੀ ਵਿਅਕਤੀ ਨਸ਼ਾ ਵੇਚਦਾ ਹੈ, ਤਾਂ ਤੁਰੰਤ ਹਰੇਕ ਵਿਅਕਤੀ ਉਨ੍ਹਾਂ ਨਾਲ ਸਿੱਧਾ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਡੀ ਜੀ ਪੀ ਪੰਜਾਬ ਅਤੇ ਜ਼ਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਲਕ ਦੀਆਂ ਸਖਤ ਹਦਾਇਤਾਂ ਹਨ ਕਿ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੀ ਨੌਜਵਾਨ ਇਸ ਦਲਦਲ ਵਿੱਚ ਫਸ ਗਿਆ ਹੈ ਤਾਂ ਉਹ ਸਾਡੇ ਨਾਲ ਸਿੱਧਾ ਸੰਪਰਕ ਕਰਨ ਤਾਂ ਜੋ ਉਸ ਦਾ ਇਲਾਜ ਕਰਵਾਇਆ ਜਾ ਸਕੇ।

ਐੱਸ ਆਰ ਐੱਸ ਵਿੱਦਿਆਪੀਠ 'ਚ ਲਗਾਏ ਪੌਦੇ

ਸਮਾਣਾ (ਗੁਰਪਿਆਰ ਸਿੰਘ ਬੱਲ)-ਲਾਇਨਜ਼ ਕਲੱਬ ਸਮਾਣਾ ਗੋਲਡ ਵਲੋਂ ਪ੍ਰਧਾਨ ਵਿਕਾਸ ਸ਼ਰਮਾ, ਜਨਰਲ ਸਕੱਤਰ ਗੌਰਵ ਅਗਰਵਾਲ, ਕੈਸ਼ੀਅਰ ਮਨੀਸ਼ ਸਿੰਗਲਾ (ਰੌਕੀ) ਦੀ ਅਗਵਾਈ ਹੇਠ ਐੱਸ ਆਰ ਐੱਸ ਵਿੱਦਿਆਪੀਠ ਸਕੂਲ, ਸਮਾਣਾ ਵਿਖੇ ਪੌਦੇ ਲਗਾਉਣ ਦਾ ਕੈਂਪ ਲਗਾਇਆ ਗਿਆ। ਇਸ ਮੌਕੇ ਸਕੂਲ ਚੇਅਰਮੈਨ ਅਮਿਤ ਸਿੰਗਲਾ ਅਤੇ ਲਲਿਤ ਸਿੰਗਲਾ ਨੇ ਪੌਦੇ ਲਾਉਣ ਦੀ ਸ਼ੁਰੂਆਤ ਕੀਤੀ ਅਤੇ ਕਲੱਬ ਵਲੋਂ ਨਿਊ ਸਿਕੁਏਅਰ ਏਰੀਆ ਬਣਾਇਆ ਗਿਆ ਅਤੇ ਉਸ ਵਿੱਚ ਫਲਦਾਰ ਅਤੇ ਛਾਂਦਾਰ 62 ਦੇ ਕਰੀਬ ਪੌਦੇ ਲਗਾਏ ਗਏ। ਇਸ ਮੌਕੇ ਕਲੱਬ ਮੈਂਬਰ ਲਾਇਨ ਲਵ ਮਿੱਤਲ, ਲਾਇਨ ਜੇ.ਪੀ. ਗਰਗ, ਮੋਹਿਤ ਗਰਗ (ਤਨੂ), ਐਡਵੋਕੇਟ ਵਿਕਾਸ ਸ਼ਰਮਾ, ਲਾਇਨ ਨਵਦੀਪ ਢਿੱਲੋਂ, ਲਾਇਨ ਯੋਗਿੰਦਰ ਗੋਇਲ ਅਤੇ ਸਾਰੀ ਐੱਸ ਆਰ ਐੱਸ ਟੀਮ ਮੌਜੂਦ ਰਹੀ।

ਡਾਕਟਰ ਸਾਹਿਲ ਦੂਆ ਸਨਮਾਨਤ

ਜਗਰਾਉਂ (ਅਮਿਤ ਖੰਨਾ)-ਫਿਜ਼ਿਉਥੈਰੇਪੀ ਇਕ ਐਸੀ ਥੈਰੇਪੀ ਹੈ ਜੋ ਗੰਭੀਰ ਬਿਮਾਰੀਆਂ ਤੋਂ ਨਿਜਾਤ ਦਿਵਾਉਣ ਵਿੱਚ ਵੀ ਕਾਰਗਰ ਸਿੱਧ ਹੋ ਰਹੀ ਹੈ। ਦਵਾਈਆਂ ਖਾ-ਖਾ ਅੱਕ ਚੁੱਕੇ ਲੋਕਾਂ ਵਾਸਤੇ ਇਹ ਥੈਰੇਪੀ ਰਾਮਬਾਣ ਸਿੱਧ ਹੋ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਦੀਪ ਹਸਪਤਾਲ ਲੁਧਿਆਣਾ ਦੇ ਫਿਜ਼ਿਉਥੈਰੇਪੀ ਡਿਪਾਰਟਮੈਂਟ ਦੇ ਇੰਚਾਰਜ ਡਾਕਟਰ ਸਾਹਿਲ ਦੂਆ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਹ ਥੈਰੇਪੀ ਉਨ੍ਹਾਂ ਲੋਕਾਂ ਵਾਸਤੇ ਵਰਦਾਨ ਸਿੱਧ ਹੋ ਰਹੀ ਹੈ ਜੋ ਨਾ ਠੀਕ ਹੋਣ ਵਾਲੀਆਂ ਬਿਮਾਰੀਆਂ ਦੇ ਸ਼ਿਕਾਰ ਹਨ ਤੇ ਉਹ ਲੋਕ ਕੁਝ ਹੀ ਸਮੇਂ ਵਿੱਚ ਠੀਕ ਹੋ ਰਹੇ ਹਨ। ਅੱਜ ਫਿਜ਼ਿਉਥੈਰੇਪੀ ਦਿਵਸ ਮੌਕੇ ਸ਼ਹਿਰ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਨੂੰ ਧਿਆਨ 'ਚ ਰੱਖਦਿਆਂ ਡਾਕਟਰ ਸਾਹਿਲ ਦੂਆ ਨੂੰ ਖਾਲਸਾ ਪਰਵਾਰ ਵੱਲੋਂ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਸਮੇਂ ਸਨਮਾਨਤ ਕੀਤਾ ਗਿਆ। ਖਾਲਸਾ ਪਰਵਾਰ ਦੇ ਕੋਆਰਡੀਨੇਟਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਛੇਤੀ ਹੀ ਸ਼ਹਿਰ 'ਚ ਇੱਕ ਫਿਜ਼ਿਉਥੈਰੇਪੀ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਖਾਲਸਾ ਪਰਵਾਰ ਦੇ ਮੈਂਬਰਾਨ ਦੀਪਇੰਦਰ ਸਿੰਘ ਭੰਡਾਰੀ, ਹਰਦੇਵ ਸਿੰਘ ਬੋਬੀ, ਇਕਬਾਲ ਸਿੰਘ ਨਾਗੀ, ਗੁਰਪ੍ਰੀਤ ਸਿੰਘ ਭਜਨਗੜ੍ਹ, ਜਸਪਾਲ ਸਿੰਘ ਛਾਬੜਾ, ਰਜਿੰਦਰ ਸਿੰਘ, ਜਸਕਰਨ ਸਿੰਘ, ਪਰਮਜੀਤ ਸਿੰਘ ਬਜਾਜ, ਚਰਨਜੀਤ ਸਿੰਘ ਚਿਨੂੰ ਅਤੇ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਆਦਿ ਹਾਜ਼ਰ ਸਨ।

ਜੀ ਐਚ ਐਚ ਪੀ ਐਸ ਤੇ ਰੁਦਰਮ ਥੀਏਟਰ ਅਕੈਡਮੀ ਨੇ ਨਵੀਆਂ ਨੀਤੀਆਂ ਨਾਲ ਤਾਲਮੇਲ ਕਰਨ ਲਈ ਹੱਥ ਮਿਲਾਇਆ

ਮਹਿਲ ਕਲਾਂ (ਬਲਵਿੰਦਰ, ਵਜੀਦਕੇ)-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ (ਜੀ ਐਚ ਐਚ ਪੀ ਐਸ) ਨੇ ਹਾਲ ਹੀ 'ਚ ਸੁਸ਼ੀਲ ਗੋਇਲ (ਮੈਨੇਜਿੰਗ ਡਾਇਰੈਕਟਰ), ਨਿਤਿਨ ਜਿੰਦਲ (ਡਾਇਰੈਕਟਰ) ਅਤੇ ਰਾਕੇਸ਼ ਬਾਂਸਲ (ਐਗਜ਼ੀਕਿਊਟਿਵ ਡਾਇਰੈਕਟਰ) ਦੀ ਅਗਵਾਈ ਹੇਠ ਥੀਏਟਰ ਅਤੇ ਡਰਾਮਾ ਬਾਰੇ ਇੱਕ ਗਤੀਸ਼ੀਲ ਵਰਕਸ਼ਾਪ ਦਾ ਆਯੋਜਨ ਕੀਤਾ। ਮੁੰਬਈ ਤੋਂ ਮਾਣਯੋਗ ਰੁਦਰਮ ਥੀਏਟਰ ਅਕੈਡਮੀ (ਆਰ.ਟੀ.ਏ.) ਦੇ ਸਹਿਯੋਗ ਨਾਲ ਵਰਕਸ਼ਾਪ ਦੀ ਅਗਵਾਈ ਨਿਕੁੰਜ ਨਯਨਾ, ਇੱਕ ਪ੍ਰਸਿੱਧ ਅਭਿਨੇਤਾ ਅਤੇ ਆਰ ਟੀ ਏ ਦੇ ਸੰਸਥਾਪਕ ਅਤੇ ਵਰੁਣ ਤਮਟਾ, ਇੱਕ ਪ੍ਰਸਿੱਧ ਅਭਿਨੇਤਾ ਅਤੇ ਨਾਟਕੀ ਦੇ ਮੁਖੀ ਵਰਕਸ਼ਾਪ ਦੀ ਅਗਵਾਈ ਕਰ ਰਹੇ ਸਨ। ਇੱਕ ਅਮੀਰ ਬਾਲੀਵੁੱਡ ਪੋਰਟਫੋਲੀਓ ਦੇ ਨਾਲ ਮਿਸਟਰ ਟਮਟਾ ਨੇ ਅਨਮੋਲ ਸੂਝ ਲਿਆਂਦੀ ਹੈ। ਇਸ ਤੋਂ ਇਲਾਵਾ ਗੌਰਵ ਮਾਥੁਰ, ਆਰ ਟੀ ਏ ਵਿਖੇ ਪਰਫਾਰਮਿੰਗ ਆਰਟਸ ਦੇ ਨਿਰਦੇਸ਼ਕ ਅਤੇ ਸੁਨੀਲ ਐਜੂਫਿਊਚਰ ਦੇ ਸੰਸਥਾਪਕ ਚੇਅਰਮੈਨ ਅਤੇ ਨੈਸ਼ਨਲ ਵੀ.ਪੀ. ਆਈ.ਆਈ.ਟੀ.ਏ. ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਰਾਸ਼ਟਰੀ ਸਿੱਖਿਆ ਨੀਤੀ ਦੀਆਂ ਸਿਫਾਰਸ਼ਾਂ ਦੇ ਅਨੁਸਾਰ ਜੀ ਐਚ ਐਚ ਪੀ ਐਸ, ਆਰ ਟੀ ਏ ਨਾਲ ਇਸ ਭਾਈਵਾਲੀ ਰਾਹੀਂ ਇਨ੍ਹਾਂ ਹੁਨਰਾਂ ਨੂੰ ਆਪਣੇ ਪਾਠਕ੍ਰਮ ਵਿੱਚ ਜੋੜਨ ਲਈ ਵਚਨਬੱਧ ਹੈ।

ਡੀ ਏ ਵੀ ਕਾਲਜ 'ਚ ਹਿੰਦੀ ਭਾਸ਼ਾ ਦੀਆਂ ਸੰਭਾਵਨਾਵਾਂ ਵਿਸ਼ੇ 'ਤੇ ਲੈਕਚਰ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਡੀ.ਏ.ਵੀ. ਕਾਲਜ ਵਿਖੇ ਪ੍ਰਿੰਸੀਪਲ ਸੁਭਾਸ਼ ਗੁਪਤਾ ਦੀ ਅਗਵਾਈ ਹੇਠ ਆਧੁਨਿਕ ਪਰਿਪੇਖ 'ਚ ਹਿੰਦੀ ਭਾਸ਼ਾ ਦੀਆਂ ਸੰਭਾਵਨਾਵਾਂ ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ, ਜਿਸ ਦੇ ਮੁੱਖ ਮਹਿਮਾਨ ਵਜੋਂ ਕੇਂਦਰੀ ਯੂਨੀਵਰਸਿਟੀ, ਜੰਮੂ ਤੋਂ ਹਿੰਦੀ ਵਿਭਾਗ ਦੇ ਮੁਖੀ ਅਤੇ ਪ੍ਰੋਫੈਸਰ ਡਾ. ਭਾਰਤ ਭੂਸ਼ਣ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਡੀ ਏ ਵੀ ਗਾਨ ਨਾਲ ਕੀਤੀ ਗਈ। ਪ੍ਰੋਗਰਾਮ ਦੇ ਸੰਚਾਲਕ ਅਤੇ ਹਿੰਦੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਬਲਜਿੰਦਰ ਕੁਮਾਰ ਵਲੋਂ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਗਿਆ। ਉਪਰੰਤ ਡਾ. ਭਾਰਤ ਭੂਸ਼ਣ ਨੇ ਹਿੰਦੀ ਭਾਸ਼ਾ ਦੀਆਂ ਸੰਭਾਵਨਾਵਾਂ ਵਿਸ਼ੇ 'ਤੇ ਭਾਸ਼ਣ ਦਿੰਦੇ ਹੋਏ ਕਿਹਾ ਕਿ ਮੌਜੂਦਾ ਸਮੇਂ 'ਚ ਭਾਰਤ ਵਿਸ਼ਵ ਬਜ਼ਾਰ ਬਣ ਰਿਹਾ ਹੈ, ਜਿਸ ਕਰਕੇ ਹਿੰਦੀ ਭਾਸ਼ਾ ਦੀਆਂ ਸੰਭਾਵਨਾਵਾਂ ਬਹੁਤ ਵਧ ਗਈਆਂ ਹਨ। ਪੱਤਰਕਾਰੀ, ਅਨੁਵਾਦ, ਸਿਨੇਮਾ ਆਦਿ ਖੇਤਰਾਂ 'ਚ ਰੁਜ਼ਗਾਰ ਦੀਆਂ ਬਹੁਤ ਸੰਭਾਵਨਾਵਾਂ ਹਨ। ਅੰਤ 'ਚ ਕਾਲਜ ਪ੍ਰਿੰਸੀਪਲ ਵਲੋਂ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ 'ਚ ਸੁਦੇਸ਼ ਗਰੋਵਰ, ਦੀਪਕ ਅਗਰਵਾਲ, ਡਾ. ਵਿਨੀਤ ਕੁਮਾਰ, ਮਿ. ਸੁਮਿਤ ਸਿੰਘ, ਮੈਡਮ ਭੁਪਿੰਦਰ ਕੌਰ, ਮੈਡਮ ਨਵਲੀਨ ਅਤੇ ਮੈਡਮ ਅਪਨੀਤ ਆਦਿ ਪ੍ਰੋਫੈਸਰ ਵੀ ਸ਼ਾਮਲ ਸਨ।

ਗੌਰਮਿੰਟ ਪੈਨਸ਼ਨਰਜ਼ ਐਸੋ. ਦੀ ਮੀਟਿੰਗ 'ਚ ਅਹਿਮ ਵਿਚਾਰਾਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸਥਾਨਕ ਕੋਟਕਪੂਰਾ ਰੋਡ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਮਾਸਿਕ ਮੀਟਿੰਗ ਕੀਤੀ ਗਈ। ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੀਆਂ ਪੈਨਸ਼ਨਰ ਐਸੋਸੀਏਸ਼ਨਾਂ ਦੇ ਅਹੁਦੇਦਾਰ ਤੇ ਮੈਂਬਰਾਂ ਨੇ ਭਾਗ ਲਿਆ। ਪ੍ਰਧਾਨਗੀ ਮੰਡਲ ਵਿੱਚ ਐਸੋਸੀਏਸ਼ਨ ਦੇ ਪੈਟਰਨ ਬਲਦੇਵ ਸਿੰਘ ਬੇਦੀ, ਵਾਇਸ ਚੇਅਰਮੈਨ ਹਰਦੇਵ ਸਿੰਘ, ਚੇਅਰਮੈਨ ਬਸੰਤ ਸਿੰਘ ਰਾਜੂ, ਪੰਜਾਬ ਰੋਡਵੇਜ਼ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਮੇਜਰ ਸਿੰਘ ਚੌਤਰਾ ਆਦਿ ਸ਼ਾਮਲ ਸਨ। ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਸਾਬਕਾ ਜ਼ਿਲ੍ਹਾ ਖਜ਼ਾਨਾ ਅਫਸਰ ਦੀ ਮਾਤਾ ਰੇਸ਼ਮਾ ਦੇਵੀ ਗੁੰਬਰ, ਸੇਵਾ ਮੁਕਤ ਪਟਵਾਰੀ ਹਰਬੰਸ ਸਿੰਘ ਦੀ ਧਰਮ ਪਤਨੀ ਨਰਿੰਦਰ ਕੌਰ ਤੇ ਐਸੋਸੀਏਸ਼ਨ ਦੇ ਹੋਰ ਮੈਂਬਰਾਂ ਦੇ ਜੀਆਂ ਦੇ ਅਕਾਲ ਚਲਾਣੇ 'ਤੇ ਡੂੰਘਾ ਦੁੱਖ ਪ੍ਰਗਟ ਕਰਦੇ ਹੋਏ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਮੀਟਿੰਗ ਦੌਰਾਨ ਵਾਇਸ ਚੇਅਰਮੈਨ ਹਰਦੇਵ ਸਿੰਘ ਨੇ ਪੈਨਸ਼ਨਰ ਐਸੋਸੀਏਸ਼ਨ ਦੀ ਸਟੇਟ ਬਾਡੀ ਵੱਲੋਂ ਉਲੀਕੇ ਗਏ ਸੰਘਰਸ਼ਾਂ ਦੀ ਜਾਣਕਾਰੀ ਦਿੱਤੀ। ਇਹ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਬਲਵੰਤ ਸਿੰਘ ਅਟਵਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਪ੍ਰਿੰ. ਕਰਤਾਰ ਸਿੰਘ ਬੇਰੀ, ਚੌ. ਬਲਬੀਰ ਸਿੰਘ ਤੇ ਬਲਵੰਤ ਸਿੰਘ ਬਰਾੜ ਆਦਿ ਸਮੇਤ ਸਮੂਹ ਬੁਲਾਰਿਆਂ ਨੇ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਟਾਲ ਮਟੋਲ ਦੀ ਨੀਤੀ ਦੀ ਪੁਰਜ਼ੋਰ ਸ਼ਬਦਾਂ ਵਿੱਚ ਆਲੋਚਨਾ ਕੀਤੀ ਤੇ ਸਰਕਾਰ ਵਿਰੁੱਧ ਸੰਘਰਸ਼ ਦੀ ਚਿਤਾਵਨੀ ਦਿੱਤੀ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਨੇ ਕਿਹਾ ਕਿ ਕਰੜੇ ਸੰਘਰਸ਼ ਤੋਂ ਬਿਨਾਂ ਪੈਨਸ਼ਨਰਾਂ ਦੀਆਂ ਮੰਗਾਂ ਪੂਰੀਆਂ ਨਹੀਂ ਕਰਵਾਈਆਂ ਜਾ ਸਕਦੀਆਂ। ਐਸੋਸੀਏਸ਼ਨ ਇਸ ਲਈ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਬੈਠੀ ਹੈ। ਐਸੋਸੀਏਸ਼ਨ ਦੇ ਨਵੇਂ ਪੈਨਸ਼ਨਰ ਦਫਤਰ ਲਈ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਨਾਲ ਜਲਦੀ ਹੀ ਮੁਲਾਕਾਤ ਕੀਤੀ ਜਾਵੇਗੀ। ਮੀਟਿੰਗ ਦੌਰਾਨ ਇਸੇ ਮਹੀਨੇ ਆਪਣਾ ਜਨਮ ਦਿਨ ਮਨਾਉਣ ਵਾਲੇ ਜਗਦੀਸ਼ ਰਾਏ ਢੋਸੀਵਾਲ, ਡਿਪਟੀ ਸੁੰਦਰ ਸਿੰਘ, ਯਸ਼ਪਾਲ ਖੁਰਾਣਾ ਤੇ ਗੁਰਚਰਨ ਸਿੰਘ ਟੌਹੜਾ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਗਈ। ਮੀਟਿੰਗ ਦੌਰਾਨ ਸੁਖਬੰਸ ਸਿੰਘ ਚਾਹਲ, ਸਾਧੂ ਸਿੰਘ, ਬੋਹੜ ਸਿੰਘ ਬਾਂਦੇਵਾਲਾ, ਇਕਬਾਲ ਸਿੰਘ, ਬਰਨੇਕ ਸਿੰਘ, ਸੁਰਿੰਦਰ ਜੀਤ, ਕਰਨੈਲ ਸਿੰਘ, ਗੁਰਟੇਕ ਸਿੰਘ ਬਰਾੜ, ਬਖਸ਼ੀਸ਼ ਸਿੰਘ ਲਾਹੌਰੀਆ, ਰੋਸ਼ਨ ਲਾਲ ਅਤੇ ਪ੍ਰੀਤਮ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਹੋਰ ਪੈਨਸ਼ਨਰ ਮੌਜੂਦ ਸਨ।

ਮਾਨ ਸਰਕਾਰ ਸਕੂਲਾਂ 'ਚ ਸਫਾਈ ਸੇਵਕਾਂ ਤੇ ਚੌਕੀਦਾਰਾਂ ਦੀ ਪੂਰੇ ਤਨਖਾਹ ਸਕੇਲਾਂ 'ਚ ਭਰਤੀ ਸ਼ੁਰੂ ਕਰੇ : ਲੁਬਾਣਾ, ਸਰਾਭਾ, ਰਾਣਵਾਂ

ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)

ਪੰਜਾਬ ਦੇ ਸਰਕਾਰੀ-ਅਰਧ ਸਰਕਾਰੀ ਵਿਭਾਗਾਂ ਵਿੱਚ ਕੰਮ ਕਰਦੀ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਅਤੇ "ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਪੰਜਾਬ ਸਰਕਾਰ ਤੋਂ ਲੰਮੇਂ ਅਰਸੇ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਸਮੂਹ ਵਿਭਾਗਾਂ ਅੰਦਰ ਗਰੁੱਪ-ਡੀ ਤੇ ਗਰੁੱਪ-ਸੀ ਦੇ ਮੁਲਾਜ਼ਮਾਂ ਦੀ ਖਾਲੀ ਅਸਾਮੀਆਂ ਵਿਰੁੱਧ ਰੈਗੂਲਰ ਭਰਤੀ ਸ਼ੁਰੂ ਕੀਤੀ ਜਾਵੇ। ਪਸਸਫ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਸਰਪ੍ਰਸਤ ਚਰਨ ਸਿੰਘ ਸਰਾਭਾ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਫੈਡਰੇਸ਼ਨ ਦੇ ਐਕਟਿੰਗ ਚੇਅਰਮੈਨ ਤੇ ਕਲਾਸ ਫੋਰ ਯੂਨੀਅਨ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਚੇਅਰਮੈਨ ਸੁਖਦੇਵ ਸਿੰਘ

11-Sep-PAGE-11.qxd 9/10/2023 8:30 PM Page 1

ਹੈਰੋਇਨ ਸਮੇਤ ਦੋ ਵਿਅਕਤੀ ਕਾਬੂ, ਮਾਮਲਾ ਦਰਜ

ਮਜੀਠਾ (ਸੋਇਮ ਆਨੰਦ)-ਜ਼ਿਲ੍ਹਾ ਪੁਲਸ ਮੁਖੀ ਅੰਮ੍ਰਿਤਸਰ ਦਿਹਾਤੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਡੀਐਸਪੀ ਮਜੀਠਾ ਕੰਵਲਪ੍ਰੀਤ ਸਿੰਘ ਦੀ ਨਿਗਰਾਨੀ ਹੇਠ ਐੱਸਐੱਚਓ ਮਜੀਠਾ ਇੰਸਪੈਕਟਰ ਬਲਵਿੰਦਰ ਸਿੰਘ ਭੁੱਲਰ ਤੇ ਸਬ-ਇੰਸਪੈਕਟਰ ਹੀਰਾ ਸਿੰਘ, ਏਐੱਸਆਈ ਹਰਜਿੰਦਰ ਸਿੰਘ, ਮੁੱਖ ਸਿਪਾਹੀ ਜਗਰੂਪ ਸਿੰਘ, ਗੁਰਸੇਵਕ ਸਿੰਘ, ਸਿਪਾਹੀ ਪਲਵਿੰਦਰ ਸਿੰਘ, ਮਨਜਿੰਦਰ ਸਿੰਘ, ਸਮੇਤ ਰੇਲਵੇ ਫਾਟਕ ਤੋਂ ਥੋੜਾ ਅੱਗੇ ਪਿੰਡ ਨਾਗ ਕਲਾਂ ਵਾਲੇ ਪਾਸੇ ਨਾਕਾਬੰਦੀ ਕਰਕੇ ਖੜੇ ਸਨ ਕਿ ਪਿੰਡ ਨਾਗ ਖੁਰਦ ਵਲੋ ਇੱਕ ਨੌਜਵਾਨ ਸੜ੍ਹਕ 'ਤੇ ਪੈਦਲ ਰੇਲਵੇ ਫਾਟਕ ਨਾਗ ਕਲਾਂ ਵੱਲ ਆ ਰਿਹਾ ਸੀ ਤਾਂ ਪੁਲਸ ਪਾਰਟੀ ਵੇਖ ਕੇ ਘਬਰਾ ਕੇ ਇਕਦਮ ਪਿਛੇ ਮੁੜਨ ਲੱਗਾ। ਐੱਸਐੱਚਓ ਬਲਵਿੰਦਰ ਸਿੰਘ ਭੁੱਲਰ ਨੇ ਕਰਮਚਾਰੀਆਂ ਸਮੇਤ ਸ਼ੱਕ ਦੇ ਆਧਾਰ ਤੇ ਉਸ ਨੂੰ ਕਾਬੂ ਕਰ ਲਿਆ ਜਿਸ ਦਾ ਮੁੱਢਲੀ ਪੁੱਛਗਿੱਛ ਦੌਰਾਨ ਨਾਮ ਪਤਾ ਪੁਛਿਆ ਤਾਂ ਉਸ ਨੇ ਆਪਣਾ ਨਾਮ ਜੁੱਗਾ ਉਰਫ ਅਮਨ ਪੁੱਤਰ ਲਖਵਿੰਦਰ ਸਿੰਘ ਵਾਸੀ ਪਿੰਡ ਨਾਗ ਕਲਾਂ ਦੱਸਿਆ ਤਾਂ ਉਸ ਨੂੰ ਪੁਲਸ ਨੂੰ ਵੇਖ ਕੇ ਪਿਛੇ ਮੁੜਨ ਦਾ ਕਾਰਣ ਪੁੱਛਿਆ ਤਾਂ ਕੋਈ ਸਪਸ਼ਟ ਜਵਾਬ ਨਾ ਦੇ ਸਕਿਆ। ਪੁਲਸ ਵਲੋਂ ਉਕਤ ਵਿਅਕਤੀ ਦੀ ਤਲਾਸ਼ੀ ਲਈ ਗਈ ਤਾਂ ਉਸ ਪਾਸੋਂ ਇੱਕ ਮੋਮੀ ਲਿਫਾਫਾ ਮਿਲਿਆ ਜਿਸ ਵਿਚ ਨਸ਼ੀਲਾ ਪਦਾਰਥ ਹੈਰੋਇਨ ਬਰਾਮਦ ਹੋਈ ਜਿਹੜੀ ਕਿ ਵਜ਼ਨ ਵਿਚ 260 ਗ੍ਰਾਮ ਹੋਈ। ਉਕਤ ਵਿਅਕਤੀ ਪਾਸੋਂ ਸਖਤੀ ਨਾਲ ਪੁੱਛਿਆ ਕਿ ਉਸ ਨੇ ਇਹ ਨਸ਼ੀਲਾ ਪਦਾਰਥ ਕਿਸ ਵਿਅਕਤੀ ਪਾਸੋਂ ਲਿਆਂਦਾ ਤਾਂ ਉਸ ਦੇ ਦਸਣ ਅਨੁਸਾਰ ਪੁਲਸ ਨੇ ਤੁਰੰਤ ਹਰਕਤ ਵਿਚ ਆਉਂਦਿਆਂ ਮਨਿੰਦਰਪਾਲ ਸਿੰਘ ਵਾਸੀ ਪਿੰਡ ਸੇਮ ਨਾਗਾ ਨੂੰ ਗ੍ਰਿਫਤਾਰ ਕਰ ਲਿਆ ਜਿਸ 'ਤੇ ਪੁਲਸ ਪਾਰਟੀ ਨੇ ਉਕਤ ਦੋਹਾਂ ਵਿਅਕਤੀਆਂ ਨੂੰ ਸਮੇਤ ਹੈਰੋਇਨ ਗ੍ਰਿਫਤਾਰ ਕਰਕੇ ਥਾਣਾ ਮਜੀਠਾ ਵਿਖੇ ਬਣਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਹੈ।

ਰੋਟਰੀ ਕਲੱਬ ਨੌਰਥ ਦਾ ਅਧਿਆਪਕ ਸਨਮਾਨ ਸਮਾਗਮ ਧੂਮਧਾਮ ਨਾਲ ਸੰਪੰਨ

ਅੰਮ੍ਰਿਤਸਰ (ਅਰੋੜਾ)-ਰੋਟਰੀ ਇੰਟਰਨੈਸ਼ਨਲ ਵੱਲੋਂ ਨਿਰਧਾਰਿਤ ਨਿਯਮਾ ਦੇ ਅਨੁਸਾਰ ਪੂਰੇ ਭਾਰਤ ਵਿੱਚ ਰੋਟਰੀ ਕਲੱਬਾ ਦੁਆਰਾ ਕਰਵਾਏ ਜਾ ਰਹੇ ਅਧਿਆਪਕ ਸਨਮਾਨ ਸਮਾਗਮ ਦੇ ਚੱਲਦੇ ਰੋਟਰੀ ਕਲੱਬ ਨੌਰਥ ਦੇ ਵੱਲੋਂ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਹੀਰਾ, ਸਕੱਤਰ ਵਰੁਣ ਕਕੱੜ, ਚੇਅਰਮੈਨ ਡਾ. ਕੁਲਦੀਪ ਸਿੰਘ ਅਰੋੜਾ, ਪ੍ਰੋਜੈਕਟ ਕੋਆਡੀਨੇਟਰ ਐਡਵੋਕੇਟ ਅਨੀਤਾ ਸ਼ਰਮਾ ਐਮਓਸੀ ਸਾਬਕਾ ਸਹਾਇਕ ਗਵਰਨਰ ਆਰਐਸਚੱਠਾ, ਕਲੱਬ ਦੇ ਚੀਫ ਅਡੀਟਰ ਸਾਬਕਾ ਸਹਾਇਕ ਗਵਰਨ ਰਸਜੀਤ ਸਿੰਘ ਖੇੜਾ ਦੀ ਦੇਖਰੇਖ ਵਿੱਚ ਰਾਮ ਬਾਗ ਸਥਿਤ ਅੰਮ੍ਰਿਤਸਰ ਕਲੱਬ ਵਿਖੇ ਧੂਮਧਾਮ ਦ ਨਾਲ ਸੰਪਨ ਹੋਇਆ। ਸਮਾਗਮ ਵਿੱਚ ਗੁਰੂ ਦੀ ਨਗਰੀ ਦੇ ਵਿਧਾਇਕ ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ ਮੁਖ ਮਹਿਮਾਨ ਦੇ ਰੂਪ ਵਿੱਚ ਸ਼ਾਮਿਲ ਹੋਏ। ਸਮਾਗਮ ਵਿੱਚ ਮਹਾਂ ਨਗਰ ਦੇ ਸਿੱਖਿਆ ਜਗਤ ਵਿੱਚ ਆਪਣਾ ਪ੍ਰਕਾਸ਼ ਫੈਲਾਉਣ ਵਾਲੀਆਂ 9 ਹਸਤੀਆਂ ਨੂੰ ਨੇਸ਼ਨ ਬਿਲਡਰ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਹੱਥਾਂ ਨਾਲ ਅਵਾਰਡ ਪ੍ਰਾਪਤ ਕਰਨ ਵਾਲੇ ਡਾ. ਗੁਰਪ੍ਰੀਤ ਕੌਰ, ਦਿਨੇਸ਼ ਕੁਮਾਰ, ਮੋਨਿਕਾ ਸ਼ਰਮਾ, ਹਰਦੀਪ ਸਿੰਘ, ਰਮੇਸ਼ ਕੇ.ਆਰ, ਹਰਪਾਲ ਸਿੰਘ, ਮਮਤਾ ਕਪੂਰ, ਹੁਜਰਾਜ ਸਿੰਘ, ਦੇ ਨਾਮ ਪ੍ਰਮੁੱਖ ਰਹੇ। ਐਵਾਰਡ ਪ੍ਰਾਪਤ ਕਰਨੇ ਵਾਲੇ ਅਧਿਆਪਕਾਂ ਨੇ ਰੋਟਰੀ ਮੈਂਬਰਾਂ ਨੂੰ ਸਿੱਖਿਆ ਸਬੰਧੀ ਜਾਣਕਾਰੀ ਉਪਲੱਬਧ ਕਰਵਾਈ। ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਹੀਰਾ ਅਤੇ ਉਨ੍ਹਾਂ ਦੀ ਟੀਮ ਦੀ ਭਰਪੂਰ ਸ਼ਲਾਘਾ ਕੀਤੀ। ਸਨਮਾਨ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਨੂੰ ਮੁਬਾਰਕ ਵਾਦ ਦਿੰਦੇ ਹੋਏ ਕਿਹਾ ਕੀ ਇਹ ਸਾਰੇ ਸ਼ਲਾਘਾ ਦੇ ਪਾਤਰ ਹਨ। ਉਨ੍ਹਾਂ ਨੇ ਕਿਹਾ ਕੀ ਦੇਸ਼ ਅਤੇ ਸਮਾਜ ਭਲਾਈ ਦੇ ਕੰਮ ਕਰਨ ਦੇ ਲਈ ਰੋਟਰੀ ਤੋ ਵੱਧ ਕੇ ਕੋਈ ਹੋਰ ਪਲੇਟਫਾਰਮ ਨਹੀ ਹੈ। ਇਸ ਮੌਕੇ ਰੋਟਰੀ ਆਸਥਾ ਦੇ ਪ੍ਰਧਾਨ ਅਮਨ ਸ਼ਰਮਾ, ਰੋਟੇਰੀਅਨ ਵਿਪਨ ਲੂੰਬਾ, ਸਾਬਕਾ ਪ੍ਰਧਾਨ ਵਿਜੇ ਭਸੀਨ, ਰਮੇਸ਼ ਕਕੜ, ਸੰਜਯ ਮਲਿਕ , ਮਨਿੰਦਰ ਕੋਰ, ਡਾ. ਸੁਖਮਨਪ੍ਰੀਤ ਕੌਰ, ਐਡਵੋਕੇਟ ਸੁਖਦਦੀਪ ਸਿੰਘ, ਰਾਜੇਸ਼ ਭਾਰਦਵਾਜ, ਨਿਰਮਲ ਸਿੰਘ, ਸੁਰਿੰਦਰ ਕਕੱੜ, ਰੋਟੇਰੀਅਨ ਦਲਜੀਤ ਕੌਰ ਅਰੋੜਾ, ਰਾਜਿੰਦਰ ਪਾਲ ਸਿੰਘ, ਯਸ਼ਪਾਲ ਅਰੋੜਾ ਰੋਟਰੀ ਕਲੱਬ ਨੌਰਥ ਦੇ ਸਮੂਹ ਮੈਂਬਰ ਪਰਿਵਾਰਾਂ ਦੇ ਨਾਲ ਮੌਜੂਦ ਸਨ। ਅੰਤ ਵਿੱਚ ਮੁੱਖ ਮਹਿਮਾਨ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਰੋਟਰੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ।

ਜਥੇਦਾਰ ਅਮਰੀਕ ਸਿੰਘ ਠੇਠਰਕੇ ਸਮੁੱਚੀ ਪੰਚਾਇਤ ਸਮੇਤ ਆਮ ਆਦਮੀ ਪਾਰਟੀ 'ਚ ਸ਼ਾਮਲ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਹਲਕਾ ਡੇਰਾ ਬਾਬਾ ਨਾਨਕ ਅਧੀਨ ਆਉਂਦੇ ਪਿੰਡ ਠੇਠਰਕੇ ਵਿੱਚ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ ਉਸ ਵੇਲੇ ਝਟਕਾ ਲੱਗਾ ਜਦੋਂ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਟਕਸਾਲੀ ਅਕਾਲੀ ਆਗੂ ਜਥੇ: ਅਮਰੀਕ ਸਿੰਘ ਠੇਠਰਕੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਸਾਬਕਾ ਮਾਰਕੀਟ ਕਮੇਟੀ ਚੇਅਰਮੈਨ ਆਪਣੀ ਸਮੁੱਚੀ ਪੰਚਾਇਤ ਸਮੇਤ ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਇੰਚਾਰਜ ਸ: ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ ਗਿਆ । ਗੁਰਦੀਪ ਸਿੰਘ ਰੰਧਾਵਾ ਦਾ ਪਿੰਡ ਠੇਠਰਕੇ ਪਹੁੰਚਣ ਤੇ ਜਥੇਦਾਰ ਅਮਰੀਕ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਭਰਵਾਂ ਸਵਾਗਤ ਕਰਦਿਆ ਉਨ੍ਹਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਉ ਸਾਹਿਬ ਅਤੇ ਸ੍ਰੀ ਸਾਹਿਬ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਵੱਲੋਂ ਜਥੇਦਾਰ ਅਮਰੀਕ ਸਿੰਘ ਠੇਠਰਕੇ, ਸ਼ੁਭਕਰਨ ਸਿੰਘ ਠੇਠਰਕੇ, ਸਰਵਨ ਸਿੰਘ, ਗੁਰਨਾਮ ਸਿੰਘ, ਪਰਗਟ ਸਿੰਘ, ਹਰਪਾਲ ਸਿੰਘ, ਸੁਖਬੀਰ ਸਿੰਘ, ਨਿਰਵੈਲ ਸਿੰਘ, ਤਰਲੋਕ ਸਿੰਘ, ਇੰਦਰਜੀਤ ਸਿੰਘ, ਮੰਗਲ ਸਿੰਘ, ਸੁਖਰਾਜ ਸਿੰਘ, ਰਾਜ ਕਰਨ ਸਿੰਘ, ਸਰਵਨਜੋਤ ਸਿੰਘ, ਰਵੀ ਸਰਪੰਚ, ਗੁਰਦਿਆਲ ਸਿੰਘ, ਰਾਜਵਿੰਦਰ ਸਿੰਘ, ਮਨਜੀਤ ਸਿੰਘ, ਜਗਦੇਵ ਸਿੰਘ, ਬਲਵੰਤ ਸਿੰਘ ਸਮੇਤ ਸਮੁੱਚੀ ਪੰਚਾਇਤ ਨੂੰ ਆਮ ਆਦਮੀ ਪਾਰਟੀ ਦੇ ਨਿਸ਼ਾਨ ਵਾਲੇ ਸਿਰੋਪੇ ਪਾ ਕੇ ਪਾਰਟੀ ਵਿੱਚ ਜੀ ਆਇਆਂ ਆਖਦਿਆਂ ਵਿਸ਼ਵਾਸ ਦਿਵਾਇਆ ਗਿਆ ਕਿ ਪਾਰਟੀ ਵਿਚ ਸ਼ਾਮਿਲ ਹੋਣ ਵਾਲੇ ਹਰ ਇੱਕ ਵਿਅਕਤੀ ਨੂੰ ਉਸਦਾ ਬਣਦਾ ਪੂਰਾ ਮਾਨ ਤੇ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇ-ਅਮਰੀਕ ਸਿੰਘ ਠੇਠਰਕੇ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਦੇ ਹਿੱਤ ਵਿੱਚ ਲਏ ਜਾ ਰਹੇ ਫੈਸਲਾ ਤੋਂ ਪ੍ਰਭਾਵਿਤ ਹੋ ਕੇ ਅੱਜ ਸ਼੍ਰੋਮਣੀ ਅਕਾਲੀ ਦਲ ਪਾਰਟੀ ਛੱਡ ਪੂਰੀ ਸਮੁੱਚੀ ਪੰਚਾਇਤ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਲੀਡਰਾਂ ਦੀ ਹੰਕਾਰ ਦੀ ਵਜਾ ਨਾਲ ਉਹਨਾਂ ਨੂੰ ਮਜਬੂਰ ਹੋ ਕੇ ਅੱਜ ਇਹ ਫੈਸਲਾ ਲੈਣਾ ਪਿਆ ਹੈ। ਆਪ ਆਗੂ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਅੱਜ ਜਥੇਦਾਰ ਅਮਰੀਕ ਸਿੰਘ ਤੇ ਉਨ੍ਹਾਂ ਤੇ ਸਾਥੀਆਂ ਵਲੋਂ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਣ ਤੇ ਹਲਕਾ ਡੇਰਾ ਬਾਬਾ ਨਾਨਕ ਵਿੱਚ ਆਮ ਆਦਮੀ ਪਾਰਟੀ ਨੂੰ ਬਹੁਤ ਬਲ ਮਿਲਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੇ ਆਪਣੇ ਵਰਕਰ ਦਾ ਮਾਣ ਸਨਮਾਨ ਕੀਤਾ ਹੁੰਦਾ ਤਾਂ ਅੱਜ ਉਨ੍ਹਾਂ ਨੂੰ ਇਹ ਦਿਨ ਨਹੀਂ ਦੇਖਣੇ ਪੈਣੇ ਸੀ। ਉਨ੍ਹਾਂ ਕਿਹਾ ਕਿ ਜਦੋਂ ਕੋਈ ਆਪਣਾ ਘਰ ਛੱਡਦਾ ਹੈ ਤਾ ਉਹ ਦੁਖੀ ਤੇ ਮਜਬੂਰ ਹੋ ਕੇ ਹੀ ਆਪਣਾ ਘਰ ਛੱਡਦਾ ਹੈ। ਰੰਧਾਵਾ ਨੇ ਜਥੇਦਾਰ ਅਮਰੀਕ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਆਮ ਆਦਮੀ ਪਾਰਟੀ ਦੇ ਘਰ ਵਿੱਚ ਉਨ੍ਹਾਂ ਦਾ ਭਰਵਾਂ ਸਵਾਗਤ ਹੈ ਤੇ ਪੂਰਾ ਬਣਦਾ ਮਾਨ-ਸਨਮਾਨ ਮਿਲੇਗਾ। ਭਗਵੰਤ ਸਿੰਘ ਮਾਨ ਵੱਲੋਂ 710 ਨਵੇਂ ਭਰਤੀ ਕੀਤੇ ਗਏ ਪਟਵਾਰੀਆਂ ਦੇ ਫੈਸਲੇ ਦਾ ਰੰਧਾਵਾ ਨੇ ਸਵਾਗਤ ਕਰਦਿਆਂ ਪਟਵਾਰ ਯੂਨੀਅਨ ਨੂੰ ਅਪੀਲ ਕੀਤੀ ਹੈ ਕਿ ਆਪਣਾ ਅੜੀਅਲ ਰਵੱਈਆ ਛੱਡ ਕੇ ਕੰਮ ਤੇ ਵਾਪਸ ਪਰਤਣ। ਰੰਧਾਵਾ ਨੇ ਦਾਅਵਾ ਕੀਤਾ ਕਿ 2024 ਲੋਕ ਸਭਾ ਚੋਣਾਂ ਉਹ ਸ਼ਾਨ ਨਾਲ ਜਿੱਤਣਗੇ। ਇਸ ਮੌਕੇ ਸਰਪੰਚ ਅੰਗਰੇਜ ਸਿੰਘ ਕਠਿਆਲਾ, ਪਰਦੀਪ ਸਿੰਘ ਆੜਤੀ, ਲਖਬੀਰ ਸਿੰਘ ਸਰਪੰਚ ਗੋਲਾ ਢੋਲਾ, ਜਗਮੋਹਨ ਸਿੰਘ ਸਰਪੰਚ ਮੇਘਾ, ਮਨਪ੍ਰੀਤ ਸਿੰਘ ਮੰਨਾਂ ਧਰਮਕੋਟ ਰੰਧਾਵਾ, ਜਸ਼ਨਪ੍ਰੀਤ ਸਿੰਘ ਐਡਵੋਕੇਟ, ਗੁਰਦੇਵ ਸਿੰਘ ਸਰਪੰਚ ਘਣੀਆਂ ਬੇਟ, ਸਰਪੰਚ ਕਸਮੀਰ ਸਿੰਘ ਤਲਵੰਡੀ ਪੱਤੀ, ਲਵਪ੍ਰੀਤ ਪੀਏ ਆਦਿ ਹਾਜ਼ਰ ਸਨ ।

ਪਿੰਡ ਬਹਾਦਰ ਦੇ ਰਹਿਣ ਵਾਲੇ ਨੌਜਵਾਨ ਦੀ ਅਮਰੀਕਾ 'ਚ ਮੌਤ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਥਾਣਾ ਪੁਰਾਣਾਸ਼ਾਲਾ ਅਧੀਨ ਆਉਂਦੇ ਪਿੰਡ ਬਹਾਦਰ ਦੇ ਜੰਮਪਲ ਜਗਜੋਤ ਸਿੰਘ (30) ਦੀ ਅਮਰੀਕਾ ਵਿਚ ਇਕ ਸੜਕ ਹਾਦਸੇ ਦੌਰਾਨ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੇ ਪਿਤਾ ਜੋਗਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਐੱਲਏ ਸ਼ਹਿਰ ਵਿਚ 28 ਅਗਸਤ ਨੂੰ ਇਕ ਸੜਕ ਹਾਦਸੇ ਦੌਰਾਨ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ ਸੀ, ਉਥੋਂ ਦੇ ਨਿੱਜੀ ਹਸਪਤਾਲ ਵਿਖੇ ਇਲਾਜ ਲਈ ਭਰਤੀ ਕਰਵਾਇਆ ਹੋਇਆ ਸੀ ਪਰ 7 ਸਤੰਬਰ ਨੂੰ ਉਸਦੀ ਮੌਤ ਹੋ ਗਈ ਹੈ। ਜਗਜੋਤ ਸਿੰਘ ਆਪਣੇ ਪਿੱਛੇ 2 ਲੜਕੇ, ਪਤਨੀ ਸਮੇਤ ਮਾਪਿਆਂ ਨੂੰ ਛੱਡ ਗਿਆ ਹੈ। ਪਰਿਵਾਰਕ ਮੈਂਬਰਾਂ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪੁੱਤਰ ਦੀ ਮ੍ਰਿਤਕ ਦੇਹ ਨੂੰ ਜਲਦ ਭਾਰਤ ਲਿਆਂਦਾ ਜਾਵੇ।

ਕੁਸਾਕ ਅਤੇ ਸਲਾਵੀਆ ਦੇ ਨਵੇਂ ਵੇਰੀਐਂਟ ਲਾਂਚ ਕਰਨ ਦਾ ਐਲਾਨ

ਜਲੰਧਰ : ਭਾਰਤ ਦੀ ਸਭ ਤੋਂ ਸੁਰੱਖਿਅਤ, ਉੱਚ ਦਰਜੇ ਦੀਆਂ, ਕਰੈਸ਼-ਟੈਸਟਡ ਕਾਰਾਂ ਦੀ ਨਿਰਮਾਤਾ ਕੰਪਨੀ ਸਕੋਡਾ ਆਟੋ ਇੰਡੀਆ ਨੇ ਦੋ ਨਵੇਂ ਉਤਪਾਦਾਂ ਕੁਸਾਕ ਓਨੀਕਸ ਪਲੱਸ ਅਤੇ ਸਲਾਵੀਆ ਐਮਬਿਸ਼ਨ ਪਲੱਸ ਨੂੰ ਲਾਂਚ ਕਰਨ ਦਾ ਐਲਾਨ ਕੀਤਾ ਹੈ। ਦੋਵੇਂ ਰੂਪ ਤਿਉਹਾਰੀ ਕੀਮਤ, ਆਕਰਸਕ ਨਵੇਂ ਐਕਸਚੇਂਜ ਲਾਭ ਅਤੇ ਸੀਮਤ ਸਮੇਂ ਲਈ ਵਿਸ਼ੇਸ਼ ਕਾਰਪੋਰੇਟ ਸਕੀਮਾਂ ਦੀ ਪੇਸ਼ਕਸ਼ ਕਰਦੇ ਹਨ। ਕੁਸਾਕ ਓਨੀਕਸ ਪਲੱਸ ਵਿੱਚ ਸਭ-ਨਵੇਂ ਅਲਾਏ ਅਤੇ ਵਿੰਡੋ ਕ੍ਰੋਮ ਗਾਰਨਿਸ ਦੀ ਵਿਸ਼ੇਸ਼ਤਾ ਹੈ। ਫਰੰਟ ਗਰਿੱਲ ਰਿਬਸ ਅਤੇ ਪਿਛਲੇ ਤਣੇ ਦੀ ਸਜਾਵਟ ਹੁਣ ਕ੍ਰੋਮ ਵਿੱਚ ਕੀਤੀ ਜਾਂਦੀ ਹੈ। ਇਹ ਮੈਨੂਅਲ ਟਰਾਂਸਮਿਸ਼ਨ ਨਾਲ ਜੁੜੇ ਕੁਸਾਕ ਓਨੀਕਸ ਪਲੱਸ ਇੰਜਣ ਦੁਆਰਾ ਸੰਚਾਲਿਤ ਹੈ। ਕੁਸਾਕ ਓਨੀਕਸ ਪਲੱਸ ਦੀ ਕੀਮਤ 11.59 ਲੱਖ ਰੁਪਏ ਹੈ ਅਤੇ ਇਹ ਕੈਂਡੀ ਵ੍ਹਾਈਟ ਅਤੇ ਕਾਰਬਨ ਸਟੀਲ ਰੰਗਾਂ ਵਿੱਚ ਉਪਲਬਧ ਹੋਵੇਗਾ।

ਗੋਦਰੇਜ ਇੰਟੀਰਿਓ ਵੱਲੋਂ ਜਲੰਧਰ 'ਚ ਨਵਾਂ ਸਟੋਰ ਲਾਂਚ

ਜਲੰਧਰ: ਗੋਦਰੇਜ ਗਰੁੱਪ ਦੀ ਫਲੈਗਸ਼ਿਪ ਕੰਪਨੀ, ਗੋਦਰੇਜ ਐਂਡ ਬੋਇਸ ਨੇ ਐਲਾਨ ਕੀਤਾ ਹੈ ਕਿ ਘਰ ਅਤੇ ਦਫਤਰੀ ਫਰਨੀਚਰ ਵਿੱਚ ਮੋਹਰੀ ਗੋਦਰੇਜ ਇੰਟੀਰਿਓ ਨੇ ਜਲੰਧਰ (ਪੰਜਾਬ) ਵਿੱਚ ਆਪਣਾ ਨਵਾਂ ਆਊਟਲੈਟ ਖੋਲ੍ਹਿਆ ਹੈ। 5500 ਵਰਗ ਫੁੱਟ ਵਿੱਚ ਫੈਲਿਆ ਇਹ ਅਤਿ-ਆਧੁਨਿਕ ਸਟੋਰ ਜਲੰਧਰ ਅਤੇ ਭਾਰਤ ਦੇ ਉੱਤਰੀ ਬਾਜ਼ਾਰਾਂ ਵਿੱਚ ਗੋਦਰੇਜ ਇੰਟੀਰਿਓ ਦੀ ਰਿਟੇਲ ਮੌਜੂਦਗੀ ਨੂੰ ਮਜ਼ਬੂਤ ਕਰੇਗਾ। ਇਹ ਸਟੋਰ ਡੀਐੱਲਐੱਫ ਮਾਲ ਦੇ ਨੇੜੇ ਮੁੱਖ ਫਰਨੀਚਰ ਮਾਰਕੀਟ ਵਿੱਚ ਸਥਿਤ ਹੈ। ਆਯਾਤ ਕੀਤੇ ਫਰਨੀਚਰ ਦਾ ਇਹ ਹੱਬ ਘਰੇਲੂ ਸਟੋਰੇਜ, ਘਰੇਲੂ ਫਰਨੀਚਰ, ਗੱਦੇ ਅਤੇ ਰਸੋਈ ਲਈ ਵੱਖ-ਵੱਖ ਸ਼ੈਲੀਆਂ ਅਤੇ ਫਿਨਿਸ਼ਿੰਗ ਲਈ ਗੁਣਵੱਤਾ ਵਾਲੇ ਉਤਪਾਦ ਪੇਸ਼ ਕਰਦਾ ਹੈ। ਨਵੇਂ ਸਟੋਰ ਦੇ ਉਦਘਾਟਨ ਦੇ ਮੌਕੇ ਅਤੇ ਆਉਣ ਵਾਲੇ ਤਿਉਹਾਰੀ ਸੀਜ਼ਨ ਲਈ ਗੋਦਰੇਜ ਇੰਟੀਰਿਓ ਗਾਹਕਾਂ ਨੂੰ ਫਲੈਟ 20 ਪ੍ਰਤੀਸ਼ਤ ਦੀ ਛੋਟ ਦੇ ਰਿਹਾ ਹੈ।

ਵੈਸਟਰਨ ਡਿਜੀਟਲ ਨੇ ਪੇਸ਼ ਕੀਤੀ ਹਾਈ ਪ੍ਰਫ਼ਾਰਮੈਂਸ ਐੱਸ ਐੱਸ ਡੀ

ਲੁਧਿਆਣਾ : ਵੈਸਟਰਨ ਡਿਜੀਟਲ ਨੇ ਡਬਲਿਊ ਬਲੂ ਐੱਸਐੱਨ 580 ਐੱਨਵੀਐੱਮਈ ਸਾਲਿਡ ਸਟੇਟ ਡਰਾਈਵ (ਐੱਸਐੱਸਡੀ) ਨੂੰ ਜਾਰੀ ਕੀਤਾ ਹੈ। ਇਹ ਨਵੀਂ ਐੱਨਵੀਐੱਮਈ ਪੀਸੀ ਆਈਆਈ ਜੈਨ 4.0 ਇੰਟਰਨਲ ਫਲੈਸ਼ ਡਰਾਈਵ ਨੂੰ ਖਾਸ ਤੌਰ 'ਤੇ ਉਤਸ਼ਾਹੀ ਰਚਨਾਤਮਕ ਭਾਈਚਾਰੇ ਅਤੇ ਪੇਸ਼ੇਵਰਾਂ ਲਈ ਤਿਆਰ ਕੀਤੀ

11-Sep-PAGE-12.qxd 9/10/2023 8:29 PM Page 1

ਅੱਜ ਤੋਂ 13 ਤੱਕ ਭਾਜਪਾ ਮੰਤਰੀਆਂ ਦਾ ਘਿਰਾਓ

ਭਲਾਣ (ਹਰਭਜਨ ਢਿੱਲੋਂ)- ਬੋਲਿਆਂ ਦੇ ਵੱਖ-ਵੱਖ ਪਿੰਡਾਂ 'ਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪੰਜਾਬ ਦੇ 23 ਜਿਲਿਆਂ 'ਚ 72 ਘੰਟੇ ਪੰਜਾਬ ਸਰਕਾਰ ਤੇ ਭਾਜਪਾ ਦੇ ਆਗੂਆਂ ਦੇ ਦਿੱਤੇ ਘਿਰਾਓ ਦੇ ਸੱਦੇ ਨੂੰ ਕਾਮਯਾਬ ਕਰਨ ਲਈ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗਾ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਜਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਜਸਪਾਲ ਸਿੰਘ ਫੌਜੀ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 11 ਸਤੰਬਰ ਤੋਂ 13 ਸਤੰਬਰ ਤੱਕ ਪੰਜਾਬ ਸਰਕਾਰ ਦੇ ਮੰਤਰੀਆਂ ਅਤੇ ਭਾਜਪਾ ਮੰਤਰੀਆਂ ਦੇ ਘਿਰਾਓ ਕੀਤੇ ਜਾਣਗੇ। ਉਹਨਾਂ ਨੇ ਦੱਸਿਆ ਕਿ 19 ਅਗਸਤ ਨੂੰ ਪੰਜਾਬ ਦੇ ਮੰਤਰੀਆਂ, ਭਾਜਪਾ ਆਗੂਆਂ ਨੂੰ ਹੜਾਂ ਨਾਲ ਹੋਏ ਨੁਕਸਾਨ ਵਾਰੇ ਚੇਤਾਵਨੀ ਪੱਧਰ ਦਿੱਤੇ ਗਏ ਸਨ। ਪਰ ਸਰਕਾਰ ਨੇ ਕਿਸਾਨਾਂ ਦੇ ਮਸਲਿਆਂ ਦਾ ਕੋਈ ਹੱਲ ਨਹੀਂ ਕੀਤਾ। ਉਹਨਾਂ ਨੇ ਦੱਸਿਆ ਪੰਜਾਬ ਵਿੱਚ ਨੁਕਸਾਨ ਲਈ ਪੰਜਾਬ ਸਰਕਾਰ ਨੇ 6800 ਰੁਪਏ ਦਾ ਮੁਆਵਜਾ ਪ੍ਰਤੀ ਏਕੜ ਦੇਣ ਦਾ ਐਲਾਨ ਕੀਤਾ ਹੈ।

ਉਸ ਨੂੰ ਸੰਯੁਕਤ ਕਿਸਾਨ ਮੋਰਚੇ ਨੇ ਰੱਦ ਕਰ ਦਿੱਤਾ ਹੈ ਕਿਉਂਕਿ ਇਸ ਨਾਲ ਕਿਸਾਨਾਂ ਦੀ ਖਰਚੇ ਦੀ ਪੂਰਤੀ ਵੀ ਨਹੀਂ ਹੁੰਦੀ। ਇਸ ਮੌਕੇ ਸੰਮਤੀ ਮੈਂਬਰ ਕਮਲਜੀਤ ਸਿੰਘ ਪੱਪਲੂ, ਸਰਪੰਚ ਰਘਬੀਰ ਸਿੰਘ ਬੇਲਾ, ਜਸਪਾਲ ਸਿੰਘ ਫੌਜੀ, ਜਸਵੰਤ ਸਿੰਘ ਬੈਂਸ, ਨੰਬਰਦਾਰ ਜਸਵਿੰਦਰ ਸਿੰਘ, ਹਰਪਾਲ ਸਿੰਘ,ਜਗਜੀਤ ਸਿੰਘ,ਕਮਲਜੀਤ ਸਿੰਘ ਮਿਸਤਰੀ, ਦਰਸਨ ਸਿੰਘ, ਤਲਵਾਰ ਸਿੰਘ, ਸਵਰਨ ਸਿੰਘ, ਅਜਮੇਰ ਸਿੰਘ, ਸਰਪੰਚ ਜਸਪਾਲ ਸਰਮਾ, ਪਟਵਾਰੀ, ਲਾਡੀ ਵੀ ਹਾਜ਼ਰ ਸਨ।

ਜੀ ਡੀ ਗੋਇਨਕਾ ਸਕੂਲ 'ਚ ਮਨਾਇਆ ਜਨਮ ਅਸ਼ਟਮੀ ਦਾ ਤਿਉਹਾਰ

ਕਪੂਰਥਲਾ, (ਹਨੀ)- ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਵਿਖੇ ਬੜੀ ਹੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ 'ਚ ਸਕੂਲ ਚੇਅਰਮੈਨ ਸੁਖਦੇਵ ਸਿੰਘ, ਸਕੱਤਰ ਪਰਮਿੰਦਰ ਕੌਰ, ਪ੍ਰਿੰਸੀਪਲ ਪਵਲਜੀਤ ਕੌਰ ਅਤੇ ਸਕੂਲ ਦੇ ਸਮੂਹ ਸਟਾਫ ਮੈਂਬਰਾਂ ਦੁਆਰਾ ਕ੍ਰਿਸ਼ਨ ਜੀ ਦੀ ਆਰਤੀ ਕੀਤੀ ਗਈ। ਇਸ ਮੌਕੇ ਨਰਸਰੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਸ੍ਰੀ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਤ ਝਾਕੀਆਂ ਅਤੇ ਬਾਲ ਲੀਲਾਵਾਂ ਨੂੰ ਪੇਸ਼ ਕੀਤਾ ਗਿਆ।

ਉਪਰੰਤ ਦਹੀਂ ਹਾਂਡੀ ਤੋੜਨ ਦੀ ਰਸਮ ਕੀਤੀ। ਸਕੂਲ ਪ੍ਰਿੰਸੀਪਲ ਨੇ ਸਮੂਹ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ।

ਅੰਤਰਰਾਸ਼ਟਰੀ ਜਮਹੂਰੀਅਤ ਦਿਹਾੜੇ 'ਤੇ ਅੰਮ੍ਰਿਤਸਰ ਵਿਖੇ ਹੋਵੇਗਾ ਵੱਡਾ ਇਕੱਠ : ਨਾਰੀਕੇ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1925 'ਚ ਵੱਡੀਆਂ ਕੁਰਬਾਨੀਆਂ ਕਰਨ ਤੋਂ ਬਾਅਦ ਹੋਂਦ 'ਚ ਆਈ ਸੀ ਅਤੇ ਇਸ ਦੀਆਂ ਚੋਣਾਂ ਹਰ ਪੰਜ ਸਾਲ ਬਾਅਦ ਹੋਣੀਆਂ ਲਾਜਮੀ ਸਨ, ਪਰ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਸਿੱਖ ਕੌਮ ਨਾਲ ਲਗਾਤਾਰ ਧੱਕੇਸ਼ਾਹੀ ਕਰਦੀਆਂ ਆ ਰਹੀਆਂ ਹਨ ਵੱਲੋਂ ਮਿਆਦ ਖਤਮ ਹੋ ਚੁੱਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਹੀਂ ਕਰਵਾ ਰਹੀਆਂ ਜਿਸ ਦੇ ਵਿਰੋਧ 'ਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਪਾਰਟੀ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਅੰਮ੍ਰਿਤਸਰ ਵਿਖੇ ਅੰਤਰਰਾਸ਼ਟਰੀ ਜਮਹੂਰੀਅਤ ਦਿਹਾੜੇ ਤੇ 15 ਸਤੰਬਰ ਨੂੰ 'ਜਮਹੂਰੀਅਤ ਬਹਾਲ ਕਾਨਫਰੰਸ' ਕਰਕੇ ਵੱਡਾ ਇਕੱਠ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕੌਮੀ ਜਰਨਲ ਸਕੱਤਰ ਤੇ ਜਿਲ੍ਹਾ ਇੰਚਾਰਜ ਮਾਸਟਰ ਕਰਨੈਲ ਸਿੰਘ ਨਾਰੀਕੇ ਨੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਮਾਸਟਰ ਕੁਲਦੀਪ ਸਿੰਘ ਮਸੀਤੀ ਸੀਨੀਅਰ ਮੀਤ ਪ੍ਰਧਾਨ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਕੀਤਾ। ਉਹਨਾਂ ਇਸ ਸਮੇਂ ਕਿਹਾ ਕਿ ਕੌਮੀ ਸਿਧਾਂਤਾਂ ਦੇ ਪਹਿਰੇਦਾਰੀ ਕਰਦੇ ਹੋਏ ਵੱਖ-ਵੱਖ ਜੇਲਾਂ 'ਚ ਬੰਦ ਬੰਦੀ ਸਿੰਘ ਜੋ ਕਿ ਆਪਣੀ ਸਜਾ ਪੂਰੀ ਹੋਣ ਦੇ ਬਾਵਜੂਦ ਵੀ ਗੈਰ ਕਾਨੂੰਨੀ ਢੰਗ ਨਾਲ ਜੇਲ੍ਹਾਂ 'ਚ ਡੱਕੇ ਹੋਏ ਹਨ ਤੇ ਸਰਕਾਰਾਂ ਚਾਹੁੰਦੀਆਂ ਹਨ ਕਿ ਬੰਦੀ ਸਿੰਘ ਆਪਣਾ ਕੌਮੀ ਸੰਘਰਸ਼ ਛੱਡ ਜਾਣ ਉਹਨਾਂ ਕਿਹਾ ਕਿ ਸਰਕਾਰ ਵੱਲੋਂ ਜਮਹੂਰੀ ਕਦਰਾਂ ਕੀਮਤਾਂ ਤੇ ਮਨੁੱਖੀ ਅਧਿਕਾਰਾਂ ਦੇ ਕੀਤੇ ਜਾ ਰਹੇ ਘਾਣ ਵਿਰੁੱਧ 15 ਸਤੰਬਰ ਨੂੰ ਅੰਮ੍ਰਿਤਸਰ ਵਿਖੇ ਵੱਡਾ ਇਕੱਠ ਕਰਕੇ ਭਾਰੀ ਵਿਰੋਧ ਕੀਤਾ ਜਾਵੇਗਾ। ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ ਜਿਲ੍ਹਾ ਜਨਰਲ ਸਕੱਤਰ, ਜਸਵੰਤ ਸਿੰਘ ਫੌਜੀ ਟਾਂਡਾ, ਪਰਮਿੰਦਰ ਸਿੰਘ ਖਾਲਸਾ ਮੁਕੇਰੀਆਂ, ਮਾਸਟਰ ਧਰਮਪਾਲ ਸਿੰਘ, ਸਤਵੰਤ ਸਿੰਘ ਮੁਰਾਦਪੁਰ, ਗੁਰਵਿੰਦਰ ਸਿੰਘ ਮਿਆਣੀ, ਕਰਨੈਲ ਸਿੰਘ ਲਵਲੀ, ਰਣਵੀਰ ਸਿੰਘ ਬੈਂਸਤਾਨੀ, ਭਾਗ ਸਿੰਘ ਘੋਗਰਾ, ਸੁਖਵਿੰਦਰ ਸਿੰਘ ਸਾਬ੍ਹੀ, ਜਸਬੀਰ ਸਿੰਘ ਖੁਣ ਖੁਣ, ਰਚਨ ਸਿੰਘ ਟਾਂਡਾ ਚੂੜੀਆਂ, ਮਨਦੀਪ ਸਿੰਘ ਮੋਨਾ ਕਲਾਂ, ਗੁਰਪ੍ਰਤਾਪ ਸਿੰਘ ਬਿੱਲੂ, ਸੁਖਦੇਵ ਸਿੰਘ ਕਾਹਰੀ, ਕੁਲਵਿੰਦਰ ਸਿੰਘ ਨਾਰੀਕੇ, ਹਰਪ੍ਰੀਤ ਸਿੰਘ ਸਾਮਚੁਰਾਸੀ, ਅੰਮ੍ਰਿਤਪਾਲ ਸਿੰਘ, ਅਮਨਦੀਪ ਸਿੰਘ ਸਨੀ, ਗੁਰਵਿੰਦਰ ਸਿੰਘ ਹੈਦਰੋਵਾਲ, ਗੁਰਕੀਤ ਸਿੰਘ ਤੇ ਭਜਨ ਸਿੰਘ ਟਾਂਡਾ ਚੂੜੀਆਂ ਆਦਿ ਹਾਜ਼ਰ ਸਨ

ਡਾ. ਰਵਜੋਤ ਨੇ 38 ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਦਿੱਤੇ ਨਿਯੁਕਤੀ ਪੱਤਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ) ਵਿਧਾਇਕ ਸ਼ਾਮਚੁਰਾਸੀ ਡਾ. ਰਵਜੋਤ ਸਿੰਘ ਨੇ 38 ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਨਿਯੁਕਤੀ ਪੱਤਰ ਸੌਂਪਦੇ ਹੋਏ ਉਨ੍ਹਾਂ ਨੂੰ ਪੂਰੀ ਨਿਸ਼ਠਾ ਅਤੇ ਮਿਹਨਤ ਨਾਲ ਆਪਣੀ ਡਿਊਟੀ ਨਿਭਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦਾ ਸਮਾਜ ਵਿਚ ਇਕ ਵਿਸ਼ੇਸ਼ ਸਥਾਨ ਹੈ। ਉਨ੍ਹਾਂ ਕਿਹਾ ਕਿ ਛੋਟੇ ਬੱਚਿਆਂ ਅਤੇ ਮਾਵਾਂ ਦੇ ਸਰੀਰਕ ਵਿਕਾਸ ਵਿਚ ਆਂਗਣਵਾੜੀ ਕੇਂਦਰ ਅਹਿਮ ਭੂਮਿਕਾ ਨਿਭਾਅ ਰਹੇ ਹਨ, ਇਸ ਲਈ ਆਂਗਣਵਾੜੀ ਵਰਕਰਾਂ ਦੀ ਜ਼ਿੰਮੇਵਾਰੀ ਬਹੁਤ ਜ਼ਿਆਦਾ ਹੈ। ਇਸ ਦੌਰਾਨ ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੇ ਦਿਹਾਤੀ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ ਵੀ ਮੌਜੂਦ ਸਨ। ਵਿਧਾਇਕ ਡਾ. ਰਵਜੋਤ ਸਿੰਘ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਦੀ ਭਲਾਈ ਲਈ ਪੰਜਾਬ ਸਰਕਾਰ ਹਰ ਜ਼ਰੂਰੀ ਕਦਮ ਉਠਾ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਵੀ ਜ਼ਰੂਰੀ ਕਦਮ ਉਠਾਏ ਜਾਣਗੇ, ਤਾਂ ਜੋ ਇਨ੍ਹਾਂ ਨੂੰ ਆਪਣੇ ਕੰਮ ਦੌਰਾਨ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਸੀ.ਡੀ.ਪੀ.ਓ ਦਿਆ ਰਾਣੀ, ਫੂਡ ਕਰਾਫ਼ਟ ਸੁਪਰਵਾਈਜ਼ਰ ਮਨਦੀਪ ਕੌਰ, ਗੀਤਾ ਰਾਣੀ ਵੀ ਮੌਜੂਦ ਸਨ।

'ਖੇਡਾਂ ਵਤਨ ਪੰਜਾਬ ਦੀਆਂ' ਪੰਜਾਬ ਸਰਕਾਰ ਦਾ ਸ਼ਲਾਘਾਯੋਗ ਉਪਰਾਲਾ : ਚੱਠਾ, ਸੰਗੋਵਾਲ

ਮਹਿਤਪੁਰ (ਰਾਜਾ)- ਖੇਡਾਂ ਵਤਨ ਪੰਜਾਬ ਦੀਆਂ ਜੋ ਪੂਰੇ ਪੰਜਾਬ ਦੇ ਸਕੂਲਾਂ 'ਚ ਚੱਲ ਰਹੀਆਂ ਹਨ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਪੰਜਾਬ ਸਰਕਾਰ ਦਾ ਬਹੁਤ ਵਧੀਆ ਉਪਰਾਲਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਚੇਅਰਮੈਨ ਬਲਦੇਵ ਸਿੰਘ ਚੱਠਾ ਤੇ ਲਖਵਿੰਦਰ ਸਿੰਘ ਸੰਗੋਵਾਲ ਨੇ ਕੀਤਾ। ਇਸੇ ਤਰ੍ਹਾਂ ਜੀ ਜੀ ਐਚ ਜੀ ਬੇਟ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਵਿਖੇ ਚੱਲ ਰਹੀਆਂ ਖੇਡਾਂ ਦਾ ਅੱਜ ਆਖਰੀ ਦਿਨ ਸੀ। ਇਸ ਮੌਕੇ ਇਲਾਕੇ ਦੇ ਸਾਰੇ ਸਕੂਲਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਵੱਖ ਵੱਖ ਖੇਡਾਂ 'ਚ ਪੁਜੀਸ਼ਨਾਂ ਹਾਸਲ ਕੀਤੀਆਂ। ਚੱਠਾ ਤੇ ਸੰਗੋਵਾਲ ਨੇ ਕਿਹਾ ਕਿ ਜਦੋਂ ਦੀਆਂ ਖੇਡਾਂ ਵਤਨ ਪੰਜਾਬ ਦੀਆਂ ਸ਼ੁਰੂ ਹੋਈਆਂ ਹਨ ਉਦੋਂ ਤੋਂ ਨੌਜਵਾਨਾਂ ਦਾ ਖੇਡਾਂ ਵਿੱਚ ਉਤਸ਼ਾਹ ਵਧ ਰਿਹਾ ਹੈ।

ਇਸ ਮੌਕੇ ਅੱਜ ਅਖੀਰਲੇ ਦਿਨ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਮਹਿਮਾਨ ਚੇਅਰਮੈਨ ਬਲਕਾਰ ਸਿੰਘ ਚੱਠਾ, ਲਖਵਿੰਦਰ ਸਿੰਘ ਸੰਗੋਵਾਲ, ਸੁਰਜੀਤ ਸਿੰਘ ਚੰਦੀ, ਬਾਬਾ ਕਸ਼ਮੀਰ ਸਿੰਘ, ਬਲਵੀਰ ਸਿੰਘ ਮਹਿਤਪੁਰ, ਸਰਤਾਜ ਸਿੰਘ ਬਾਜਵਾ, ਬਲਦੇਵ ਰਾਜ ਬਿਰਦੀ, ਜਸਵੀਰ ਸਿੰਘ ਬਿੱਲੇ, ਪਰਮਜੀਤ ਸਿੰਘ ਸ਼ਾਹਪੁਰ ਨੂੰ ਸਨਮਾਨਤ ਕੀਤਾ ਗਿਆ।

ਇਸ ਮੌਕੇ ਹਰਜੀਤ ਸਿੰਘ ਪ੍ਰਿੰਸੀਪਲ, ਹਰਬੰਸ ਲਾਲ ਰਿਟਾਇਰਡ ਲੈਕਚਰਾਰ, ਮਨਜੀਤ ਸਿੰਘ ਪੀ ਟੀ ਆਈ, ਮੇਜਰ ਸਿੰਘ ਪੀ ਟੀ ਆਈ, ਦਿਲਬਾਗ ਸਿੰਘ ਹੈੱਡ ਟੀਚਰ , ਗੁਰਮੁਖ ਸਿੰਘ ਇੰਚਾਰਜ ਸਕੂਲ, ਬਲਜੀਤ ਸਿੰਘ ਰੋਲੀ, ਮਨਪ੍ਰੀਤ ਕੌਰ ਪ੍ਰਿੰਸੀਪਲ, ਨਵਜੀਤ ਕੌਰ ਡੀ ਪੀ ਈ, ਅਮਨਦੀਪ ਕੌਰ ਡੀ ਪੀ ਈ, ਸਤਪਾਲ ਸਿੰਘ ਮੈਥ ਟੀਚਰ, ਸਤਨਾਮ ਸਿੰਘ ਮੈਥ ਟੀਚਰ ਆਦਿ ਹਾਜ਼ਰ ਸਨ।

ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਕਰਵਾਇਆ ਅੰਤਰ ਕਾਲਜ ਮੁਕਾਬਲਾ

ਜਲੰਧਰ (ਸ਼ੈਲੀ ਐਲਬਰਟ) ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਪੋਸਟ ਗ੍ਰੈਜੂਏਟ ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਅੰਤਰ ਕਾਲਜ ਮੁਕਾਬਲਾ ਕਰਵਾਇਆ ਗਿਆ। ਜਿਸ 'ਚ 15 ਕਾਲਜਾਂ ਦੇ 90 ਭਾਗੀਦਾਰਾਂ ਨੇ ਭਾਗ ਲਿਆ, ਜਿਨ੍ਹਾਂ ਨੇ ਲੇਖ ਲਿਖਣ, ਸਲੋਗਨ ਰਾਈਟਿੰਗ ਅਤੇ ਘੋਸ਼ਣਾ ਪੱਤਰ 'ਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਪ੍ਰਿੰਸੀਪਲ ਪ੍ਰੋ: ਜਸਗੀਨ ਕੌਰ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਵੱਖ-ਵੱਖ ਕਾਲਜਾਂ ਦੇ ਭਾਗੀਦਾਰਾਂ ਦਾ ਨਿੱਘਾ ਸੁਆਗਤ ਕਰਦੇ ਹੋਏ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਨੂੰ ਉਜਾਗਰ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਾਲਜ ਹਮੇਸ਼ਾ ਅਜਿਹੇ ਸਮਾਗਮਾਂ ਦਾ ਸਮਰਥਨ ਅਤੇ ਪ੍ਰਚਾਰ ਕਰਦੇ ਰਹੇਗਾ। ਕਾਲਜ ਰਜਿਸਟਰਾਰ ਪ੍ਰੋ: ਨਵਦੀਪ ਕੌਰ ਅਤੇ ਡਾ. ਬਲਰਾਜ ਕੌਰ ਨੇ ਖਾਸ ਤੌਰ 'ਤੇ ਇਸ ਸਮਾਗਮ 'ਚ ਸ਼ਿਰਕਤ ਕੀਤੀ। ਪੰਜਾਬੀ ਵਿਭਾਗ ਦੇ ਮੁਖੀ ਡਾ: ਸੁਰਿੰਦਰਪਾਲ ਮੰਡ, ਪ੍ਰੋ: ਕੁਲਦੀਪ ਸੋਢੀ, ਪ੍ਰੋ: ਸਤਪਾਲ ਸਿੰਘ ਅਤੇ ਪ੍ਰੋ: ਮੰਜੂ ਜੋਸ਼ੀ, ਪ੍ਰੋ: ਓਂਕਾਰ ਸਿੰਘ ਅਤੇ ਪ੍ਰੋ: ਮਨਦੀਪ ਸਿੰਘ ਨੇ ਜੱਜ ਦੀ ਭੂਮਿਕਾ ਨਿਭਾਈ। ਲੇਖ ਲਿਖਣ ਮੁਕਾਬਲੇ 'ਚ ਦੋਆਬਾ ਕਾਲਜ ਦੀ ਕਿਰਨਦੀਪ ਕੌਰ ਪਹਿਲਾ, ਕੰਨਿਆ ਮਹਾਂ ਵਿਦਿਆਲਿਆ ਦੀ ਪ੍ਰਭਸਿਮਰਨ ਕੌਰ ਨੇ ਦੂਜਾ ਅਤੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ ਪ੍ਰਿਅੰਕਾ ਨੇ ਤੀਜਾ ਸਥਾਨ ਹਾਸਲ ਕੀਤਾ। ਸਲੋਗਨ ਰਾਈਟਿੰਗ ਮੁਕਾਬਲੇ 'ਚ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ ਰਣਦੀਪ ਕੌਰ ਨੇ ਪਹਿਲਾ, ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਦੀ ਰਾਜਵਿੰਦਰ ਕੌਰ ਦੂਜਾ ਅਤੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ ਅਨੀਸ਼ਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਡੈਕਲਾਮੇਸ਼ਨ ਮੁਕਾਬਲੇ ਵਿਚ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ ਸਾਕਸ਼ੀ ਸ਼ਰਮਾ ਨੇ ਪਹਿਲਾ, ਐਨ ਆਈ ਟੀ ਜਲੰਧਰ ਦੀ ਪ੍ਰਭਜੋਤ ਕੌਰ ਨੇ ਦੂਜਾ ਅਤੇ ਡੀ ਏ ਵੀ ਕਾਲਜ ਦੀ ਜਸਲੀਨ ਕੌਰ ਨੇ ਤੀਜੇ ਸਥਾਨ ਪ੍ਰਾਪਤ ਕੀਤਾ। ਜੇਤੂਆਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ। ਰਾਜਨੀਤੀ ਸ਼ਾਸਤਰ ਵਿਭਾਗ ਦੇ ਡਾ: ਅਜੀਤਪਾਲ ਸਿੰਘ ਨੇ ਅੰਤਰ ਕਾਲਜ ਮੁਕਾਬਲੇ ਦੇ ਪ੍ਰਬੰਧਕ ਵਜੋਂ ਭੂਮਿਕਾ ਨਿਭਾਈ, ਜਦਕਿ ਪ੍ਰੋ: ਜਗਦੀਪ ਸਿੰਘ ਅਤੇ ਪ੍ਰੋ: ਕਿਰਨਦੀਪ ਕੌਰ ਨੇ ਇਸ ਕਮੇਟੀ ਦੇ ਮੈਂਬਰਾਂ ਵਜੋਂ ਭੂਮਿਕਾ ਨਿਭਾਈ।

ਜਨਮ ਦਿਨ ਮੁਬਾਰਕ

ਅਸ਼ੀਸ ਕੌਰ, ਸਮਰਾਲਾ

ਹਰਨਿਵਾਜ਼ ਸਿੰਘ ਸੰਧੂ, ਧਾਰੀਵਾਲ

ਚੱਕ ਮੰਡੇਰ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ

ਮੇਹਲੀ (ਗੁਰਨਾਮ)-ਇੱਥੋਂ ਥੋੜੀ ਦੂਰ ਪਿੰਡ ਚੱਕ ਮੰਡੇਰ ਵਿਖੇ ਨਸ਼ਿਆਂ ਵਿਰੁੱਧ ਜਾਗਰੂਪ ਕੈਂਪ ਲਗਾਇਆ ਗਿਆ। ਏ ਐਸ ਆਈ ਹਰਜਿੰਦਰ ਸਿੰਘ ਥਾਣਾ ਬਹਿਰਾਮ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਤੁਹਾਨੂੰ ਤੁਹਾਡੇ ਵਿੱਚ ਕੋਈ ਨਸ਼ਾ ਵੇਚਦਾ ਹੋ, ਜਾਂ ਨਸ਼ਾ ਕਰਦਾ ਹੈ। ਸਾਨੂੰ ਉਸ ਵਾਰੇ ਦੱਸੋ ਜੇਕਰ ਕੋਈ ਨਸ਼ਾ ਕਰਦਾ ਹੈ ਉਹ ਛੱਡਣਾ ਚਾਹੁੰਦਾ ਹੈ ਉਸ ਨੂੰ ਦਾਖਲ ਕਰਵਾਇਆ ਜਾਵੇਗਾ। ਉਸ ਦਾ ਕੋਈ ਖਰਚ ਨਹੀਂ ਹੋਵੇਗਾ। ਇਹ ਵੀ ਕਿਹਾ ਕਿ ਨੌਜਵਾਨਾਂ ਦੀਆਂ ਆਏ ਦਿਨ ਹੋ ਰਹੀਆਂ ਮੌਤਾਂ ਦਾ ਗਹਿਰੀ ਚਿੰਤਾ ਦਾ ਵਿਸਾ ਹੈ। ਨਸ਼ਿਆਂ ਦੀ ਕੈਲਣੀ ਅੱਗ ਨੇ ਘਰਾਂ ਦੇ ਘਰ ਬਰਬਾਦ ਕਰ ਦਿੱਤੇ ਹਨ। ਇਹ ਵੀ ਕਿਹਾ ਕਿ ਨੌਜਵਾਨਾਂ ਨੂੰ ਨਸਸ਼ਿਆਂ ਦਾ ਤਿਆਗ ਕਰਕੇ ਖੇਡਾਂ 'ਚ ਮੱਲਾਂ ਮਾਰਨੀਆਂ ਚਾ